Vide R.N.I. No. Pun-Pun 2002/8323

ASR/0001/2024/26

ੴ

ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਧੰਨ ਧੰਨ ਮਾਤਾ ਕੌਲਾਂ ਜੀ

ਭੇਟਾ: 25/-

D.O.P. 15 Nov. 2025

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 166



ਧੰਨ ਧੰਨ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ
350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ
ਨੂੰ ਸਮਰਪਿਤ

ਧੰਨ ਭਾਈ ਜੈਤਾ ਜੀ
(ਭਾਈ ਜੀਵਨ ਸਿੰਘ ਜੀ)

ਧੰਨ ਭਾਈ ਮਤੀ ਦਾਸ ਜੀ



ਧੰਨ ਭਾਈ ਸਤੀ ਦਾਸ ਜੀ



ਧੰਨ ਭਾਈ ਦਿਆਲ ਦਾਸ ਜੀ



# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਜਾਗ੍ਰਤੀ ਯਾਤਰਾ ਦਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਪਹੁੰਚਣ ਤੇ ਨਿੱਘਾ ਸਵਾਗਤ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 17 ਸਤੰਬਰ, 2025 ਨੂੰ ਤਖਤ ਸ੍ਰੀ ਪਟਨਾ ਸਾਹਿਬ ਤੋਂ ਜਾਗ੍ਰਤੀ ਯਾਤਰਾ ਨਗਰ ਕੀਰਤਨ ਦੇ ਰੂਪ ਵਿੱਚ ਅਰੰਭ ਕੀਤੀ ਗਈ ਜੋ ਕਿ ਵੱਖ ਵੱਖ ਸਟੇਟਾਂ ਚੋ ਹੁੰਦਿਆਂ ਹੋਇਆਂ 25 ਅਕਤੂਬਰ, 2025 ਸ੍ਰੀ ਅੰਮ੍ਰਿਤਸਰ ਸਾਹਿਬ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਪਹੁੰਚਣ ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਤੇ ਸਮੂੰਹ ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਜਿਸ ਦੌਰਾਨ 26 ਅਕਤੂਬਰ ਨੂੰ ਅੰਮ੍ਰਿਤ ਵੇਲੇ ਵਿਸ਼ੇਸ਼ ਕੀਰਤਨ ਦੇ ਦੀਵਾਨ ਸਜਾਏ ਗਏ ਉਪਰੰਤ ਧੰਨ ਧੰਨ ਬਾਬਾ ਦੀਪ ਸਿੰਘ ਜੀ ਵੱਲੋਂ ਹੱਥ ਲਿਖਤ ਪਾਵਨ ਸਰੂਪ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਕੇ ਸੰਗਤਾਂ ਨੂੰ ਦਰਸ਼ਨ ਕਰਵਾਏ ਗਏ। ਇਸ ਦੇ ਨਾਲ ਸਤਿਗੁਰੂ ਜੀ ਦੇ ਪਵਿੱਤਰ ਸ਼ਸਤਰਾਂ ਦੇ ਦਰਸ਼ਨ ਅਤੇ ਛੇਵੇਂ ਪਾਤਸ਼ਾਹ ਜੀ ਦੇ ਸਪੁੱਤਰ ਬਾਬਾ ਸੂਰਜ ਮੱਲ ਜੀ ਦੀ 12 ਵੀ ਪੀੜ੍ਹੀ ਚੋਂ ਭਾਈ ਬਿਕਰਮ ਸਿੰਘ ਜੀ, ਭਾਈ ਮਤੀਦਾਸ ਜੀ ਦੀ ਕੁੱਲ ਵਿੱਚੋਂ ਭਾਈ ਚਰਨਜੀਤ ਸਿੰਘ ਜੀ, ਭਾਈ ਦਿਆਲਾ ਜੀ ਦੀ ਕੁੱਲ ਵਿੱਚੋਂ ਭਾਈ ਮਨਜੀਤ ਸਿੰਘ ਜੀ, ਸਿਮਰ ਸਿੰਘ ਜੀ ਹਿਸਟੋਰੀਅਨ, ਸਤਿਕਾਰਯੋਗ ਤਖਤ ਸ੍ਰੀ ਪਟਨਾ ਸਾਹਿਬ ਜੀ ਦੀ ਕਮੇਟੀ ਦੇ ਸਮੂੰਹ ਮੈਂਬਰ ਤੇ ਹੋਰ ਪਤਿਵੰਤੇ ਸੱਜਣਾ ਨੇ ਸਮਾਗਮ ਵਿੱਚ ਪਹੁੰਚ ਕੇ ਸ਼ਿਰਕਤ ਕੀਤੀ।

1

2

4

3

5

6

7


1-2. ਬਾਬਾ ਦੀਪ ਸਿੰਘ ਜੀ ਵੱਲੋਂ ਹੱਥ ਲਿਖਤ ਪਾਵਨ ਸਰੂਪ ਅਤੇ ਸ਼ਸ਼ਤਰਾਂ ਦੇ ਦਰਸ਼ਨ, 3. ਤਖਤ ਸ੍ਰੀ ਪਟਨਾ ਸਾਹਿਬ ਜੀ ਦੀ ਕਮੇਟੀ ਵੱਲੋਂ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੂੰ ਮੁਮੈਂਟੋ ਦੇ ਕੇ ਸਤਿਕਾਰ ਭੇਟਾ ਕਰਦੇ ਹੋਏ, 4. ਯਾਤਰਾ ਦੌਰਾਨ ਪੰਜ ਪਿਆਰੇ, 5. ਗਿਆਨੀ ਚਰਨਜੀਤ ਸਿੰਘ ਜੀ ਹਜ਼ੂਰੀ ਕਥਾ ਵਾਚਕ, 6. ਛੇਵੇਂ ਪਾਤਸ਼ਾਹ ਜੀ ਦੇ ਸਪੁੱਤਰ ਬਾਬਾ ਸੂਰਜ ਮੱਲ ਜੀ ਦੀ 12ਵੀਂ ਪੀੜ੍ਹੀ ਚੋਂ ਭਾਈ ਬਿਕਰਮ ਸਿੰਘ ਸਿੰਘ ਜੀ, ਭਾਈ ਦਿਆਲਾ ਜੀ ਦੀ ਕੁੱਲ ਵਿਚੋਂ ਭਾਈ ਮਨਜੀਤ ਸਿੰਘ ਜੀ, ਭਾਈ ਮਤੀਦਾਸ ਜੀ ਦੀ ਕੁੱਲ ਵਿੱਚੋਂ ਭਾਈ ਚਰਨਜੀਤ ਸਿੰਘ ਜੀ, 7. ਭਾਈ ਸਿਮਰ ਸਿੰਘ ਹਿਸਟੋਰੀਅਨ ਗੁਰਮਤਿ ਵਿਚਾਰਾਂ ਕਰਦੇ ਹੋਏ।

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-166ਵਾਂ (2025)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: **ਸਿਫਤਿ ਸਾਲਾਹ**, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਸ ਦੇ ਵੱਲ ਹੋਣ ਉਸ ਨੂੰ ਕੋਈ ਚਿੰਤਾ ਨਹੀਂ ਰਹਿੰਦੀ 5
- ਸੀਸ ਮਾਰਗ ਯਾਤਰਾ 12
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 17
- ਅਨਮੋਲ ਬਚਨ 18
- ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਿੰਨੇ ਸੁਖਦਾਈ ਹਨ? 19
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 27
- ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਚਰਨ ਛੋਹ ਅਸਥਾਨ 28
- प्यार भरे स्वालों के दरगाही जवाब 33
- धन्य श्री गुरु तेग बहादर जी जीवन कथा 36
- An Embodiment of Compassion and Generosity 42
- Baba Makhan Shah Lubana Ji 43

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। *-ਸੰਪਾਦਕ*

# ਸੰਪਾਦਕੀ...

ਗੁਰੂ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਤਾਰੀਖ 25 ਨਵੰਬਰ, 1675 ਇੱਕ ਯੁੱਗ ਪਲਟਾਊ ਤਾਰੀਖ। ਇਸ ਤਾਰੀਖ ਨੂੰ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਨਿਵੇਕਲੀ ਘਟਨਾ ਵਾਪਰੀ। ਅਜਿਹੀ ਘਟਨਾ ਨਾ ਤਾਂ ਪਹਿਲਾਂ ਕਦੀ ਹੋਈ ਤੇ ਰਹਿੰਦੀ ਦੁਨੀਆਂ ਤੱਕ ਨਾ ਹੀ ਕਦੇ ਵਾਪਰੇਗੀ। ਅਕਾਲ ਪੁਰਖ ਦਾ ਸ਼ਾਖਸ਼ਾਤ ਸਰੂਪ, ਸ੍ਰਿਸ਼ਟੀ ਦੀ ਪੱਤ ਬਚਾਉਣ ਲਈ, ਪਰਉਪਕਾਰ ਦੀ ਖਾਤਰ ਦਿੱਤੇ ਹੋਏ ਬਚਨਾਂ ਨੂੰ ਪੂਰਾ ਕਰਨ ਲਈ ਅੱਜ ਕੁਰਬਾਨ ਹੋਣ ਜਾ ਰਹੇ ਹਨ। ਸਥਾਨ ਹੈ ਦਿੱਲੀ ਦੇ ਚਾਂਦਨੀ ਚੌਂਕ ਦੀ ਸਰਜ਼ਮੀਨ ਜਿੱਥੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਆਪਣੇ ਪਿਆਰੇ ਸਿੱਖਾਂ ਧੰਨ ਧੰਨ ਭਾਈ ਮਤੀ ਦਾਸ ਜੀ, ਧੰਨ ਧੰਨ ਭਾਈ ਸਤੀ ਦਾਸ ਜੀ, ਧੰਨ ਧੰਨ ਭਾਈ ਦਿਆਲ ਦਾਸ ਜੀ ਸਮੇਤ ਸ਼ਹੀਦੀ ਦੇ ਕੇ ਹਿੰਦੁਸਤਾਨ ਦੀ ਪੱਤ ਬਚਾਅ ਲਈ। ਦਿੱਤਾ ਹੋਇਆ ਕੌਲ (ਬਚਨ) ਨਿਭਾਅ ਦਿੱਤਾ। ਦੁਨੀਆਂ ਨੂੰ ਦਰਸਾ ਦਿੱਤਾ ਕਿ ਸ਼ਰਨ ਆਏ ਦੀ ਲਾਜ ਰੱਖਣ ਲਈ, ਉਸ ਨਾਲ ਦਿੱਤੇ ਹੋਏ ਬਚਨ ਨੂੰ ਪੂਰਾ ਕਰਨ ਲਈ ਜੇ ਤਨ ਦੀ ਸ਼ਹੀਦੀ ਵੀ ਦੇਣੀ ਪਵੇ ਤੇ ਕੋਈ ਖਾਸ ਗੱਲ ਨਹੀਂ। ਫਿਰ ਕੈਸੀ ਸ਼ਹੀਦੀ, ਸ਼ਹੀਦੀ ਤੋਂ ਬਾਅਦ ਸੀਸ ਦਾ ਸਸਕਾਰ ਕਿਤੇ ਹੋਰ ਹੋਇਆ, ਧੜ ਦਾ ਸਸਕਾਰ ਕਿਤੇ ਹੋਰ ਹੋਇਆ। ਕੋਈ ਮਿਸਾਲ ਹੀ ਨਹੀਂ। ਸ਼ਹੀਦੀ ਦੇ ਸਾਕੇ ਨੂੰ ਸੁਣ ਕੇ ਰੂਹ ਕੰਬ ਜਾਂਦੀ ਹੈ, ਸ਼ਾਇਦ ਅੰਬਰ ਵੀ ਕੁਰਲਾ ਉੱਠਦਾ ਹੋਵੇਗਾ ਪਰ ਇਸ ਸ਼ਹੀਦੀ ਸਾਕੇ ਨੂੰ ਚਾਂਦਨੀ ਚੌਂਕ ਨੇ ਆਪਣੀਆਂ ਅੱਖਾਂ ਸਾਹਮਣੇ ਦੇਖਿਆ ਹੈ। ਇਹ ਜ਼ਮੀਨ ਗਵਾਹੀ ਭਰਦੀ ਹੈ ਕਿ ਸੱਚ ਦੇ ਰਾਹ ਤੇ ਚੱਲਣ ਵਾਲੇ ਕਿਵੇਂ ਮੌਤ ਨੂੰ ਅਵਾਜ਼ਾਂ ਮਾਰਦੇ ਹਨ, ਕਿਵੇਂ ਮੌਤ ਵੀ ਉਨ੍ਹਾਂ ਦੇ ਚਰਨਾਂ ਵਿੱਚ ਨਤਮਸਤਕ ਹੁੰਦੀ ਹੈ ਤੇ ਫਿਰ ਸਮੇਂ ਨਾਲ ਜ਼ੁਲਮ ਕਰਨ ਵਾਲੇ ਮਿੱਟੀ ਵਿੱਚ ਮਿੱਟੀ ਹੋ ਜਾਂਦੇ ਹਨ, ਉਨ੍ਹਾਂ ਦਾ ਨਾਂ ਮਿਟ ਜਾਂਦਾ ਹੈ ਪਰ ਸੱਚ ਦੇ ਪੈਰੋਕਾਰਾਂ ਦੀ ਕਿਵੇਂ ਰਹਿੰਦੀ ਦੁਨੀਆ ਤੱਕ ਜੈ ਜੈ ਕਾਰ ਹੁੰਦੀ ਹੈ। ਤਾਂ ਹੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਫ਼ਰਮਾਇਆ ਹੈ:

***ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੧੬॥*** *(ਬਚਿਤ੍ਰ ਨਾਟਕ)*

ਪਰ ਇੰਨੇ ਵੱਡੇ ਸਾਕੇ ਕਰਨੇ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦੇ ਹਨ ਜਿਨ੍ਹਾਂ ਨੇ ਜਿਊਂਦੇ ਜੀਅ ਆਪਣਾ ਮਨ ਮਾਰ ਲਿਆ ਹੋਵੇ, ਹਰ ਪਲ ਗੁਰਬਾਣੀ ਦੇ ਅਭਿਆਸ ਤੋਂ ਬਿਨਾਂ ਕੁਝ ਹੋਰ ਮਕਸਦ ਹੀ ਨਾ ਹੋਵੇ। ਇਹ ਕੀਤੀ ਹੋਈ ਬੰਦਗੀ ਅੰਦਰ ਇੰਨੀ ਅਡੋਲਤਾ ਭਰ ਦਿੰਦੀ ਹੈ ਕਿ ਦੁਨੀਆਂ ਦੀਆਂ ਹਨ੍ਹੇਰੀਆਂ ਅੱਗੇ ਫਿਰ ਅਜਿਹੇ ਯੋਧੇ ਹਿੱਕ ਡਾਹ ਕੇ ਖੜ੍ਹਦੇ ਹਨ ਤੇ ਸਰਬੱਤ ਦਾ ਭਲਾ ਲੋਚਦਿਆਂ ਆਪਣਾ ਤਨ, ਮਨ, ਧਨ ਗੁਰੂ ਪ੍ਰੇਮ ਅੱਗੇ ਨਿਛਾਵਰ ਕਰਦਿਆਂ ਇਸ ਫਾਨੀ ਸੰਸਾਰ ਤੋਂ ਵਿਦਾ ਹੁੰਦੇ ਹਨ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਦੀ ਇਹ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਆਪਣੇ ਅੰਦਰ ਨੂੰ ਚੀਨਣ ਦਾ ਯਤਨ ਕਰੀਏ। ਸੱਚੀ ਸ਼ਤਾਬਦੀ ਤਾਂ ਹੀ ਮਨਾਈ ਜਾ ਸਕੇਗੀ ਕਿਤੇ ਇਹ ਜਨਮ ਗੁਰੂ ਪ੍ਰੇਮ ਦੇ ਰੰਗ ਵਿੱਚ ਦੁਬਿਆ ਜਾਵੇ। ਜੇ ਅਜੇ ਤੱਕ ਗੁਰੂ ਪ੍ਰੇਮ ਦਾ ਰੰਗ ਨਹੀਂ ਲੱਗਾ ਤੇ ਅੱਜ ਹੀ ਗੁਰੂ ਚਰਨਾਂ ਵਿੱਚ ਅਰਦਾਸ ਕਰੀਏ ਕਿ ਹੇ ਸੱਚੇ ਪਾਤਸ਼ਾਹ ਜੀ! ਕਿਰਪਾ ਕਰੋ, ਸਾਡੇ ਅੰਦਰ ਵੀ ਪ੍ਰੇਮ ਦਾ ਕਿਣਕਾ ਪ੍ਰਜਵਲਿਤ ਹੋ ਜਾਵੇ। ਪ੍ਰੇਮ ਹੀ ਗੁਰੂ ਘਰ ਦੀ ਸਭ ਤੋਂ ਵੱਡੀ ਦਾਤ ਹੈ। ਇਹ ਪ੍ਰੇਮ ਦਾ ਨਸ਼ਾ ਆਪਣੇ ਆਪ ਨਿਤਨੇਮ ਕਰਵਾਉਂਦਾ ਹੈ। ਆਪਣੇ ਆਪ ਅੰਮ੍ਰਿਤ ਵੇਲਾ ਸੰਭਾਲਿਆ ਜਾਂਦਾ ਹੈ। ਇਹ ਪ੍ਰੇਮ ਦੀ ਪੌੜੀ ਚੜ੍ਹਨ ਨਾਲ ਹਰ ਕਾਰਜ ਫਿਰ ਗੁਰੂ ਸਨਮੁੱਖ ਹੋ ਜਾਂਦਾ ਹੈ, ਜੀਵਨ ਦੀ ਹਰ ਕਿਰਿਆ ਨਿਰਮਲ ਭਉ ਵਿੱਚ ਹੋ ਜਾਂਦੀ ਹੈ।

***ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥*** *(ਤ੍ਵ ਪ੍ਰਸਾਦਿ ਸ੍ਵਯੇ)*

ਅੱਜ ਸਾਡੇ ਚੰਗੇ ਭਾਗ ਹਨ ਕਿ ਇਹ 350 ਸਾਲਾ ਮਹਾਨ ਸ਼ਹੀਦੀ ਸ਼ਤਾਬਦੀ ਮਨਾਉਣ ਦਾ ਸਾਨੂੰ ਸੁਭਾਗ ਸਮਾਂ ਪ੍ਰਾਪਤ ਹੋ ਰਿਹਾ ਹੈ। ਗੁਰੂ ਸਾਹਿਬ ਕਿਰਪਾ ਕਰਨ, ਸਾਡੇ ਅੰਦਰ ਵੀ ਇਹ ਪ੍ਰੇਮ ਦਾ ਕਿਣਕਾ ਬਖਸ਼ਿਸ਼ ਕਰਨ ਤਾਂ ਕਿ ਸਾਡਾ ਇਸੇ ਜਨਮ ਵਿੱਚ ਹੀ ਲੋਕ ਸੁਖੀ ਤੇ ਪਰਲੋਕ ਸੁਹੇਲਾ ਹੋ ਜਾਵੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

## 350 ਸਾਲਾ ਪਾਵਨ ਸ਼ਹੀਦੀ ਗੁਰਪੁਰਬ (ਸ਼ਤਾਬਦੀ) ਤੇ ਵਿਸ਼ੇਸ਼

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਸ ਦੇ ਵੱਲ ਹੋਣ ਉਸ ਨੂੰ ਕੋਈ ਚਿੰਤਾ ਨਹੀਂ ਰਹਿੰਦੀ

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (VCD 380)**

*—ਜਸਵਿੰਦਰ ਸਿੰਘ (ਪਟਿਆਲਾ)*

***ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥***
***ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥***
***ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥***
***ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ ॥***
***ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥***
***ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥***

*(ਅੰਗ ੧੩੯੯)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਿਆਰ ਵਿੱਚ ਭਾਵਨਾ ਦੇ ਨਾਲ, ਪ੍ਰਤੀਤ ਤੇ ਵਿਸ਼ਵਾਸ ਨਾਲ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

***ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥***

*(ਅੰਗ ੧੦੯੬)*

ਦਾਸ ਦੀ ਜਿੰਨੀ ਕੁ ਜ਼ਿੰਦਗੀ ਬਤੀਤ ਹੋਈ ਹੈ, ਦਾਸ ਨੇ ਕਈ ਵਾਰ ਦੇਖਿਆ ਹੈ, ਇੱਕ ਗੁਰੂ ਵੱਲ ਹੋਵੇ ਤੇ ਪੜ੍ਹਦੇ ਵੀ ਕੱਜੇ ਜਾਂਦੇ ਹਨ ਅਤੇ ਸਮਾਂ ਵੀ ਕੱਟਿਆ ਜਾਂਦਾ ਹੈ। ਸਾਂਈਂ ਮੀਆਂ ਮੀਰ ਜੀ ਦੇ ਬਚਨ ਪੜ੍ਹੋ ਤੇ ਅੱਖਾਂ ਖੁੱਲ੍ਹ ਜਾਂਦੀਆਂ ਹਨ ਕਿ ਸਾਡੇ ਗੁਰੂ ਸਾਹਿਬ ਕੌਣ ਹਨ? ਅਸੀਂ ਸਿੱਖ ਹੋ ਕੇ ਸ਼ਰਧਾ ਵੱਲੋਂ ਪਿੱਛੇ ਨਾ ਰਹਿ ਜਾਈਏ। ਸਾਂਈਂ ਮੀਆਂ ਮੀਰ ਜੀ ਦੇ ਬਚਨ ਹਨ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਗੁਰਗੱਦੀ ਤੇ ਜਿਹੜਾ ਵੀ ਸੁਭਾਇਮਾਨ ਹੁੰਦਾ ਹੈ, ਉਹ ਖੁਦਾ ਦਾ ਰੂਪ ਹੁੰਦਾ ਹੈ। ਅੱਜ ਸਾਡੀਆਂ ਵੀ ਬੈਟਰੀਆਂ ਇੱਥੋਂ ਚਾਰਜ ਹੋ ਜਾਣ। ਗੁਰੂ ਸਾਹਿਬ ਕੌਣ ਹਨ?

***ਤੂ ਬੇਅੰਤੁ ਕੋ ਵਿਰਲਾ ਜਾਣੈ ॥***

*(ਅੰਗ ੫੬੨)*

ਗੁਰੂ ਸਾਹਿਬ ਕਿਰਪਾ ਕਰਨ, ਉਨ੍ਹਾਂ ਵਿਰਲਿਆਂ ਵਿੱਚ ਅਸੀਂ ਵੀ ਆ ਜਾਈਏ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਬੜਾ ਪਿਆਰਾ ਤੇ ਭਾਵਨਾ ਵਾਲਾ ਇਤਿਹਾਸ ਹੈ। ਗੁਰੂ ਸਾਹਿਬ ਸੇਵਾ ਲੈਣ, ਆਓ! ਪਹਿਲਾਂ ਇੱਕ ਵਾਰੀ ਪੰਕਤੀ ਪੜ੍ਹੋ:

***ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥***

*(ਅੰਗ ੧੩੯੯)*

ਔਰੰਗਜ਼ੇਬ ਦਾ ਸਮਾਂ। ਵੇਖ ਲਓ, ਇੱਕ ਬਾਦਸ਼ਾਹ ਦਾ ਦਿਮਾਗ ਜਿਧਰ ਚਲਾ ਜਾਵੇ, ਕਿਵੇਂ ਸਮਾਂ ਬਦਲ ਜਾਂਦਾ ਹੈ। ਔਰੰਗਜ਼ੇਬ ਦਾ ਦਿਮਾਗ ਕਿਧਰ ਚਲਾ ਗਿਆ। ਮਨ ਵਿੱਚ ਉਸ ਦੇ ਕੀ ਆਇਆ ਕਿ ਛੋਟੀਆਂ ਰਿਆਸਤਾਂ ਤਾਂ ਸਾਰੀਆਂ ਹੀ ਜਿੱਤ ਲਈਆਂ ਹਨ, ਇੱਕ ਅਸਾਮ ਰਹਿ ਗਿਆ ਹੈ ਜਿੱਥੇ ਮੈਂ ਜਿੱਤ ਪ੍ਰਾਪਤ ਨਹੀਂ ਕੀਤੀ। ਦਿਮਾਗ ਇਧਰ ਆ ਗਿਆ। ਔਰੰਗਜ਼ੇਬ ਨੇ ਆਪਣੇ ਸਾਰੇ ਮੰਤਰੀ, ਹੋਰ ਸਭ ਮੁਖੀਆਂ ਨੂੰ ਬੁਲਾਇਆ। ਇਹ ਲਫਜ਼ ਦਾਸ ਨੂੰ ਬੋਲਣੇ ਪੈ ਰਹੇ ਹਨ, ਤਲਵਾਰ ਸਾਹਮਣੇ ਮੇਜ਼ ਤੇ ਰੱਖੀ। ਇਹ ਉਸ ਸਮੇਂ ਹਕੂਮਤ ਵੱਲੋਂ ਕੋਈ ਸਿਸਟਮ ਬਣਾਇਆ ਹੋਣਾ ਹੈ ਕਿ ਕੋਈ ਔਖੀ ਮੁਹਿੰਮ ਤੇ ਜਾਣ ਤੋਂ ਪਹਿਲਾਂ ਜਿਹੜਾ ਇਹ ਤਲਵਾਰ ਚੁੱਕ ਲਵੇ, ਇਸ ਦਾ ਮਤਲਬ ਉਹ ਮੁਹਿੰਮ ਸਰ (ਜਿੱਤ) ਕਰਕੇ ਹੀ ਆਵੇਗਾ। ਆਸੇ ਪਾਸੇ ਸਭ ਛੋਟੇ ਰਾਜੇ ਬੈਠੇ ਹਨ ਤੇ ਔਰੰਗਜ਼ੇਬ ਨੇ ਲਲਕਾਰ ਕੇ ਆਖਿਆ, ਕਹਿੰਦਾ ਹੈ, ਜਿੰਨੇ ਰਾਜੇ ਬੈਠੇ ਹਨ, ਜਿੰਨੇ ਮੁਖੀ ਬੈਠੇ ਹੋ, ਕੋਈ ਹੈ ਐਸਾ ਜਿਹੜਾ ਅਸਾਮ ਨੂੰ ਜਿੱਤ ਕੇ ਵਿਖਾਵੇ। ਉਸ ਨੇ ਕਿਹਾ, ਜੇ ਕਿਸੇ ਵਿੱਚ ਜੁਰੱਅਤ ਹੈ ਤਾਂ ਤਲਵਾਰ ਚੁੱਕ ਲਵੇ। ਇੱਕ ਵਿੱਚੋਂ ਬੋਲਿਆ, ਕਹਿਣ ਲੱਗਾ ਕਿ ਇਹ ਕਿਹੋ ਜਿਹਾ ਫੁਰਨਾ ਬਣਾ ਲਿਆ ਹੈ ਕਿ ਅਸਾਮ ਨੂੰ ਜਿੱਤਣਾ ਹੈ। ਤੁਹਾਨੂੰ ਪਤਾ ਹੈ ਕਿ ਤੁਹਾਡੇ ਵੱਡੇ ਵੀ ਅਸਾਮ ਨੂੰ ਜਿੱਤ ਨਹੀਂ ਸਕੇ। ਤੁਸੀਂ ਕਿਵੇਂ ਜਿੱਤੋਗੇ। ਵੱਡੇ ਕੌਣ? ਪਹਿਲੇ ਮੁਗਲ ਰਾਜੇ ਜਿਵੇਂ ਸ਼ਾਹਜਹਾਨ, ਅਕਬਰ ਇਨ੍ਹਾਂ ਨੇ ਪੂਰੇ ਯਤਨ ਲਗਾਏ ਹਨ ਪਰ ਅਸਾਮ ਨੂੰ ਜਿੱਤ ਨਹੀਂ ਸਕੇ। ਤੁਸੀਂ ਕਿਵੇਂ ਜਿੱਤੋਗੇ ਔਰ ਤੁਹਾਨੂੰ ਕਾਰਨ ਵੀ ਪਤਾ ਹੈ। ਇਹ ਰਾਜੇ ਵਿੱਚੋਂ ਬੋਲੇ। ਕਾਰਨ ਕੀ ਸੀ? ਕਾਰਨ ਸੀ ਕਿ ਅਸਾਮ ਦੇ ਵਿੱਚ ਜੰਤਰ ਮੰਤਰ ਟੂਣੇ ਇੰਨੇ ਹਨ ਕਿ ਕੋਈ ਵੀ ਅਸਾਮ ਨੂੰ ਜੰਤਰਾਂ ਮੰਤਰਾਂ ਕਰਕੇ ਫਤਹਿ ਨਹੀਂ ਪਾ ਸਕਦਾ। ਉੱਥੇ ਗਲਤ ਚੀਜ਼ਾਂ ਦਾ ਇੰਨਾ ਜ਼ੋਰ ਹੈ।

***ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ।***

*(ਅੰਗ ੨੭੬)*

ਸਮਝ ਲੈਣਾ। ਇਨ੍ਹਾਂ ਚੀਜ਼ਾਂ ਦਾ ਅਸਾਮ ਵਿੱਚ ਬੜਾ ਜ਼ੋਰ ਹੈ। ਉਸ ਕਰਕੇ ਨਾ ਸ਼ਾਹਜਹਾਨ ਨੂੰ ਸਫਲਤਾ ਮਿਲੀ, ਨਾ ਅਕਬਰ ਨੂੰ। ਤੇ ਤੁਸੀਂ ਕਿਧਰ ਫੁਰਨਾ ਬਣਾ ਲਿਆ ਹੈ। ਔਰੰਗਜ਼ੇਬ ਕਹਿਣ ਲੱਗਾ ਕਿ ਇਹੋ ਜਿਹਾ ਕੋਈ ਵੀ ਨਹੀਂ ਕਿ ਜਿਹੜਾ ਅਸਾਮ ਤੇ ਫਤਹਿ ਪ੍ਰਾਪਤ ਕਰ ਸਕੇ। ਧਿਆਨ ਦੇਣਾ। ਇਸ ਮੀਟਿੰਗ ਵਿੱਚ ਉਸ ਸਮੇਂ ਮੁਸਲਮਾਨ ਰਾਜੇ ਵੀ ਬੈਠੇ ਸੀ ਤੇ ਰਾਜਪੂਤ ਰਾਜੇ ਵੀ। ਇੱਕ ਰਾਜਪੂਤ ਰਾਜਾ ਉੱਠਿਆ ਜਿਸ ਦਾ ਨਾਂ ਆਇਆ ਹੈ, ਬਿਸ਼ਨ ਰਾਏ। ਇਹ ਮਹਾਂ ਰਾਏ ਦਾ ਪੋਤਰਾ ਬਿਸ਼ਨ ਰਾਏ, ਤਲਵਾਰ ਚੁੱਕ ਕੇ ਕਹਿਣ ਲੱਗਾ, ਮੈਂ ਅਸਾਮ ਤੇ ਜਿੱਤ ਪ੍ਰਾਪਤ ਕਰਾਂਗਾ। ਮੈਂ ਹਮਲਾ ਕਰਾਂਗਾ। ਬਿਸ਼ਨ ਰਾਏ ਨੇ ਇਹ ਤਲਵਾਰ ਚੁੱਕ ਕੇ ਆਖਿਆ, ਮੈਨੂੰ ਮਰਜ਼ੀ ਦਾ ਅਸਲਾ, ਮਰਜ਼ੀ ਦੀਆਂ ਫੌਜਾਂ ਦੇ ਦਿਓ, ਔਰੰਗਜ਼ੇਬ ਨੂੰ ਕਿਹਾ, ਮੈਂ ਅਸਾਮ ਤੇ ਫਤਹਿ ਪ੍ਰਾਪਤ ਕਰਾਂਗਾ ਤੇ ਇਤਿਹਾਸ ਵਿੱਚ ਲਿਖਿਆ ਹੈ ਕਿ ਔਰੰਗਜ਼ੇਬ ਇੰਨਾ ਖੁਸ਼, ਕਹਿੰਦਾ ਹੈ ਕਿ ਅੱਜ ਇੰਨੀ ਵਧੀਆ ਗੱਲ ਬਣ ਗਈ ਕਿ ਮੇਰੇ ਦੋਵਾਂ ਹੱਥਾਂ ਵਿੱਚ ਲੱਡੂ ਹਨ। ਇਹ ਸਿਆਸਤ ਹੈ। ਜੇ ਜਿੱਤ ਕੇ ਆ ਗਿਆ ਤੇ ਮੈਂ ਅਸਾਮ ਤੇ ਰਾਜ ਕਰਾਂਗਾ। ਜੇ ਹਾਰ ਕੇ ਆ ਗਿਆ ਤੇ ਇਹ ਰਾਜਪੂਤ ਰਾਜਾ ਬਿਸ਼ਨ ਰਾਏ ਇੰਨਾ ਮਹਾਂਬਲੀ ਹੈ, ਹਾਰ ਕੇ ਆ ਗਿਆ ਤੇ ਜ਼ਿੰਦਗੀ ਭਰ ਲਈ ਮੈਂ ਇਸ ਤੋਂ ਭੈਅ ਮੁਕਤ ਹੋ ਜਾਵਾਂਗਾ। ਇੰਨਾ ਮਹਾਂਬਲੀ ਰਾਜਾ ਸੀ। ਇਤਿਹਾਸ ਵਿੱਚ ਲਿਖਿਆ ਹੈ ਕਿ ਉਸ ਨੂੰ ਮਰਜ਼ੀ ਦਾ ਅਸਲਾ, ਮਰਜ਼ੀ ਦੀਆਂ ਫੌਜਾਂ ਦੇ ਦਿੱਤੀਆਂ। ਇਹ ਰਾਜਪੂਤ ਰਾਜਾ ਬਿਸ਼ਨ ਰਾਏ ਘਰ ਆਇਆ ਹੈ। ਆਪਣੀ ਮਾਂ ਨੂੰ ਕਹਿੰਦਾ, ਮਾਤਾ ਜੀ, ਮੈਂ ਅਸਾਮ ਤੇ ਹਮਲਾ ਕਰਨ ਚੱਲਿਆ ਹਾਂ। ਮਾਂ ਨੇ ਆਖਿਆ, ਪੁੱਤਰ, ਤੇਰਾ ਫੈਸਲਾ ਗਲਤ ਹੈ। ਇੰਨੇ ਇੰਨੇ ਵੱਡੇ ਰਾਜੇ ਉੱਥੇ ਜਿੱਤ ਪ੍ਰਾਪਤ ਨਹੀਂ

ਕਰ ਸਕੇ, ਗਲਤ ਚੀਜ਼ਾਂ ਦਾ ਜ਼ੋਰ ਹੈ। ਤੂੰ ਕੀ ਫੈਸਲਾ ਲੈ ਲਿਆ ਹੈ? ਅੱਗੋਂ ਕੀ ਆਖਦਾ ਹੈ? ਕਹਿਣ ਲੱਗਾ ਕਿ ਹੁਣ ਇੰਨੇ ਵੱਡੇ ਮੰਤਰੀਆਂ, ਰਾਜਿਆਂ ਵਿੱਚ ਬਚਨ ਕਰਕੇ ਆਇਆ ਹਾਂ, ਹੁਣ ਮੇਰਾ ਪਿੱਛੇ ਮੁੜਨਾ ਔਖਾ ਹੈ। ਹੁਣ ਮੈਂ ਅਸਾਮ ਤੇ ਹਮਲਾ ਕਰਨ ਜਾਣਾ ਹੀ ਜਾਣਾ ਹੈ।

ਇਹ ਰਾਜਾ ਰਾਜਪੂਤ ਬਿਸ਼ਨ ਰਾਏ ਤੇ ਇਸ ਦੀ ਘਰਵਾਲੀ ਸਾਧ ਸੰਗਤ ਜੀ, ਗੁਰੂ ਘਰ ਦੀ ਸ਼ਰਧਾਲੂ ਸੀ। ਉਸ ਨੇ ਜਦੋਂ ਸਭ ਕੁਝ ਸੁਣ ਲਿਆ ਤੇ ਆਪਣੀ ਸੱਸ ਨੂੰ ਕਹਿਣ ਲੱਗੀ, ਇੱਕ ਹੱਲ ਹੈ। ਰਾਜਾ ਬਿਸ਼ਨ ਰਾਏ ਦੀ ਮਾਤਾ, ਉਸ ਦੀ ਸੱਸ। ਧੀਏ, ਕੀ ਹੱਲ ਹੈ? ਕਹਿਣ ਲੱਗੇ, ਇਨ੍ਹਾਂ ਨੇ ਹੁਣ ਜ਼ਿੱਦ ਫੜੀ ਹੈ, ਜਾਣਾ ਹੀ ਜਾਣਾ ਹੈ। ਇਨ੍ਹਾਂ ਨੂੰ ਇੱਕ ਸ਼ਰਤ ਰੱਖ ਦਿਓ। ਉਹ ਕਿਹੜੀ ਸ਼ਰਤ? ਅਸਾਮ ਹਮਲਾ ਕਰਨ ਤੋਂ ਪਹਿਲਾਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਗਾ ਕੇ ਜਾਣ। ਸ਼ਰਤ ਰੱਖ ਦਿੱਤੀ ਗਈ। ਪੁੱਤਰ, ਇੰਨੀ ਗੱਲ ਮੰਨ ਜਾ ਕਿ ਜਿਹੜਾ ਅਸਾਮ ਜਾਣਾ ਹੈ, ਉਸ ਤੋਂ ਪਹਿਲਾਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਜਾ। ਉਹ ਕਿੱਥੇ ਮਿਲਣਗੇ? ਇਤਿਹਾਸ ਵਿੱਚ ਲਿਖਿਆ ਹੈ, ਉਦੋਂ ਸਤਿਗੁਰੂ ਜੀ ਪਟਨਾ ਸਾਹਿਬ ਸੀ। ਕਹਿਣ ਲੱਗਾ, ਸਤਿ ਬਚਨ। ਮੈਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਜਾਵਾਂਗਾ। ਪਤਨੀ ਕਹਿਣ ਲੱਗੀ, ਇਸ ਵੇਲੇ ਉਹ ਪਟਨਾ ਸਾਹਿਬ ਹਨ। ਤੁਹਾਡੇ ਜਾਣ ਤੱਕ ਅੱਗੇ ਨਾ ਨਿਕਲ ਜਾਣ। ਇੱਕ ਮੰਤਰੀ ਭੇਜ ਦਿਓ ਜਿਹੜਾ ਜਾ ਕੇ ਬੇਨਤੀ ਕਰਕੇ ਸਤਿਗੁਰੂ ਜੀ ਨੂੰ ਉੱਥੇ ਰੋਕ ਲਵੇ। ਤੁਸੀਂ ਭਾਵੇਂ ਦੋ ਦਿਨ ਬਾਅਦ ਨਿਕਲੋ ਪਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਗਾਉਣੀ ਹੈ, ਖਾਲੀ ਹੱਥ ਨਹੀਂ ਜਾਣਾ। ਵੇਖੋ, ਸ਼ਰਧਾ ਵਾਲੇ ਰਾਹ ਦਿੰਦੇ ਹਨ। ਇਸ ਦੀ ਪਤਨੀ ਗੁਰੂ ਘਰ ਦੀ ਸ਼ਰਧਾਲੂ ਸੀ। ਇਹ ਲਿਖਿਆ ਹੈ ਕਿ ਮੰਤਰੀ ਨੂੰ ਪਹਿਲਾਂ ਭੇਜ ਦਿੱਤਾ ਕਿ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਬੇਨਤੀ ਕਰ ਕਿ ਰਾਜਾ ਬਿਸ਼ਨ ਰਾਏ ਦੋ ਦਿਨਾਂ ਤੱਕ ਆ ਰਿਹਾ ਹੈ। ਕਿਰਪਾ ਕਰਨੀ, ਮੈਨੂੰ ਦਰਸ਼ਨ ਦੇ ਕੇ ਅੱਗੇ ਜਾਣਾ। ਇਸ ਨੇ ਕੁਝ ਭੇਟਾਵਾਂ ਲਈਆਂ ਜੋ ਵਾਹਿਗੁਰੂ ਨੇ ਬਖਸ਼ਿਆ ਸੀ, ਉਹ ਸਾਰੀਆਂ ਭੇਟਾਵਾਂ ਲੈ ਕੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਪਹੁੰਚਿਆ। ਦਰਸ਼ਨ ਕੀਤੇ। ਅੱਗੋਂ ਕੀ ਬਚਨ ਹੋਏ, ਸਤਿਗੁਰੂ ਜੀ ਸੇਵਾ ਲੈਣ। ਇੱਕ ਵਾਰੀ ਪਿਆਰ ਨਾਲ ਪੜ੍ਹੋ ਜੀ:

***ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥***

*(ਅੰਗ ੧੩੯੯)*

***ਜਿਸੁ ਪਾਪੀ ਕਉ ਮਿਲੈ ਨ ਢੋਈ ॥***
***ਸਰਣਿ ਆਵੈ ਤਾਂ ਨਿਰਮਲੁ ਹੋਈ ॥੧॥***

*(ਅੰਗ ੧੧੪੧)*

ਇਹ ਲਾਭ ਹੈ, ਗੁਰੂ ਦੀ ਸ਼ਰਨ ਵਿੱਚ ਆਉਣ ਦਾ। ਇਹ ਲਾਭ ਹੈ, ਗੁਰੂ ਦੇ ਦਰਸ਼ਨ ਕਰਨ ਦਾ। ਇਹ ਰਾਜਾ ਬਿਸ਼ਨ ਰਾਏ ਭੇਟਾਵਾਂ ਰੱਖ ਕੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਕੀ ਬੇਨਤੀ ਕੀਤੀ। ਸਤਿਗੁਰੂ ਜੀ! ਅਸਾਮ ਹਮਲਾ ਕਰਨ ਜਾ ਰਿਹਾ ਹਾਂ, ਉੱਥੇ ਜੰਤਰਾਂ ਮੰਤਰਾਂ ਦਾ ਅਤਿ ਜ਼ੋਰ ਹੈ। ਸ਼ਾਹਜਹਾਨ ਅਕਬਰ ਵਰਗੇ ਵੀ ਅਸਾਮ ਨੂੰ ਜਿੱਤ ਨਹੀਂ ਸਕੇ। ਆਪ ਜੀ ਸਰਬ ਕਲਾ ਸਮਰੱਥ ਹੋ। ਮੈਨੂੰ ਬਖਸ਼ਿਸ਼ ਦੇ ਕੇ ਭੇਜੋ, ਸ਼ਕਤੀ ਦੇ ਕੇ ਭੇਜੋ। ਮੈਂ ਜਿੱਤ ਪ੍ਰਾਪਤ ਕਰਾਂ। ਤੁਹਾਡੀ ਸ਼ਰਨ ਆਇਆ ਹਾਂ। ਧਿਆਨ ਦੇਣਾ। ਹੁਣ ਪਤਾ ਨਹੀਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਿਹੜਾ ਸਮਾਂ ਵੇਖ ਲਿਆ। ਕੀ ਮੰਗਦਾ ਹੈ? ਬੇਨਤੀ ਕੀਤੀ ਕਿ ਮੈਨੂੰ ਬਖਸ਼ਿਸ਼ ਦੇ ਕੇ ਭੇਜੋ, ਅਸੀਸ ਦੇ ਕੇ ਭੇਜੋ,

ਅਸਾਮ ਤੇ ਹਮਲਾ ਕਰਨ ਜਾ ਰਿਹਾ ਹਾਂ ਤੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅੱਗੋਂ ਕੀ ਕਹਿੰਦੇ ਹਨ? ਕਹਿੰਦੇ, ਅਸੀਸ ਦੇ ਕੇ ਕੀ ਭੇਜਣਾ ਹੈ, ਅਸੀਂ ਤੇਰੇ ਨਾਲ ਹੀ ਚਲਦੇ ਹਾਂ। ਕੋਈ ਸਮਾਂ ਵੇਖ ਲਿਆ ਸਤਿਗੁਰੂ ਜੀ ਨੇ। ਸਤਿਗੁਰੂ ਜੀ ਨੇ ਕਿਹਾ ਕਿ ਅਸੀਂ ਨਾਲ ਹੀ ਚਲਦੇ ਹਾਂ। ਉਹ ਬੜਾ ਖੁਸ਼। ਹੋਰ ਕੀ ਚਾਹੀਦਾ ਹੈ ਕਿ ਜੇ ਗੁਰੂ ਸਾਹਿਬ ਹੀ ਨਾਲ ਚੱਲ ਪੈਣ। ਹੁਣ ਵੇਖਿਓ, ਸਾਡੇ ਗੁਰੂ ਸਾਹਿਬ ਕੌਣ ਹਨ? ਹੱਦ ਹੋ ਗਈ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਪਟਨਾ ਸਾਹਿਬ ਤੋਂ ਅਸਾਮ ਰਾਜਾ ਬਿਸ਼ਨ ਰਾਏ ਨਾਲ ਚਲੇ। ਕਈ ਜਗ੍ਹਾ ਤੇ ਰਾਜਪੂਤਾਂ ਦੇ ਨਾਂ ਨਾਲ ਸਿੰਘ ਵੀ ਆਉਂਦਾ ਹੈ। ਰਾਏ ਵੀ ਆਉਂਦਾ ਹੈ। ਉਸ ਨਾਲ ਸਤਿਗੁਰੂ ਜੀ ਵੀ ਚੱਲ ਪਏ। ਅਜੇ ਚਲਿਆਂ ਕੁਝ ਸਮਾਂ ਹੀ ਹੋਇਆ ਹੈ ਤੇ ਮਗਰੋਂ ਖਬਰ ਆ ਗਈ ਕਿ ਸਾਹਿਬਜ਼ਾਦੇ ਦਾ ਆਗਮਨ ਹੋਇਆ ਹੈ। ਸਾਡੇ ਦਸਵੇਂ ਪਾਤਸ਼ਾਹ ਜੀ, ਉਨ੍ਹਾਂ ਦਾ ਆਗਮਨ ਹੋਇਆ ਹੈ। ਜਦੋਂ ਰਸਤੇ ਵਿੱਚ ਖਬਰ ਆਈ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਿ ਸਾਹਿਬਜ਼ਾਦੇ ਦਾ ਆਗਮਨ ਹੋਇਆ ਹੈ ਤੇ ਇਤਿਹਾਸ ਵਿੱਚ ਲਿਖਿਆ ਹੈ, ਸਤਿਗੁਰੂ ਜੀ ਵਾਪਸ ਨਹੀਂ ਮੁੜੇ ਕਿ ਹੁਣ ਜਿਧਰ ਜਾ ਰਹੇ ਹਾਂ, ਉੱਧਰ ਹੀ ਜਾਣਾ ਹੈ ਲੇਕਿਨ ਰਸਤੇ ਵਿੱਚ ਰਾਜਾ ਬਿਸ਼ਨ ਰਾਏ ਨੇ ਬਾਲਕ ਦੇ ਆਗਮਨ ਦੀ ਖਬਰ ਸੁਣ ਕੇ ਰਸਤੇ ਵਿੱਚ ਤੋਪਾਂ ਦੀ ਸਲਾਮੀ ਦਿੱਤੀ।

***ਸਖੀ ਮਿਲਹੁ ਰਸਿ ਮੰਗਲੁ ਗਾਵਹੁ***
***ਹਮ ਘਰਿ ਸਾਜਨੁ ਆਇਆ ॥੨॥***

***(ਅੰਗ ੭੬੪)***

ਹੁਣ ਇਹ ਕਿੰਨੀ ਭਾਗਾਂ ਵਾਲੀ ਖਬਰ ਹੋਵੇਗੀ। ਸਾਡੇ ਲਈ ਤਾਂ ਸਭ ਤੋਂ ਭਾਗਾਂਵਾਲੀ ਹੈ।

***ਤਹੀ ਪ੍ਰਕਾਸ ਹਮਾਰਾ ਭਯੋ ॥***
***ਪਟਨਾ ਸਹਰ ਬਿਖੈ ਭਵ ਲਯੋ ॥***

***(ਸ੍ਰੀ ਦਸਮ ਗ੍ਰੰਥ, ਬਚਿੱਤ੍ਰ ਨਾਟਕ)***

ਕੁਦਰਤੀ ਜਿੱਥੇ ਨਵੰਬਰ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਨਾਲ ਗੁਰੂ ਦੇ ਸਿੱਖਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਹੈ ਉੱਥੇ ਸਾਡੇ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਵੀ 350 ਸਾਲ ਗੁਰਿਆਈ ਸ਼ਤਾਬਦੀ ਹੈ। ਇਹ ਲਿਖਿਆ ਹੈ ਕਿ ਰਾਜਾ ਬਿਸ਼ਨ ਰਾਏ ਵਲੋਂ ਬਾਜਾਂ ਵਾਲੇ ਪਿਤਾ ਜੀ ਦੇ ਪ੍ਰਕਾਸ਼ ਹੋਣ ਤੇ ਤੋਪਾਂ ਦੀ ਸਲਾਮੀ ਦਿੱਤੀ ਗਈ। ਬਾਲਕ ਦਾ ਅਵਤਾਰ ਹੋਇਆ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ। ਪਹਿਲਾ ਨਾਂ ਗੋਬਿੰਦ ਰਾਏ। ਇਹ ਸਾਰਾ ਕਾਫਲਾ ਅਸਾਮ ਵਿੱਚ ਦਰਿਆ ਹੈ, ਬ੍ਰਹਮਪੁੱਤਰ, ਉਸ ਦੇ ਕੰਢੇ ਤੇ ਸਭ ਫੌਜਾਂ ਨੇ ਡੇਰਾ ਲਗਾਇਆ। ਉੱਧਰ ਅਸਾਮ ਦਾ ਰਾਜਾ ਰਾਮ ਰਾਏ ਜਿਸ ਨੂੰ ਖਬਰ ਮਿਲੀ ਕਿ ਮੇਰੇ ਤੇ ਹਮਲਾ ਕਰਨ ਲਈ ਸਭ ਫੌਜਾਂ ਰਾਜਾ ਬਿਸ਼ਨ ਰਾਏ ਦੀ ਅਗਵਾਈ ਵਿੱਚ ਆਈਆਂ ਹਨ। ਹੁਣ ਇਹ ਗੱਲ ਪੱਲੇ ਬੰਨਣ ਵਾਲੀ ਹੈ। ਰਾਜਾ ਰਾਮ ਰਾਏ, ਅਸਾਮ ਦਾ ਮਜ਼ਬੂਤ ਰਾਜਾ, ਕੀ ਕੀਤਾ? ਸਾਰੀਆਂ ਸ਼ਕਤੀਆਂ, ਇਲਮ, ਜੰਤਰ ਮੰਤਰ ਉਨ੍ਹਾਂ ਨੂੰ ਇਕੱਠਿਆਂ ਕਰ ਲਿਆ ਤੇ ਉਨ੍ਹਾਂ ਨੂੰ ਕੀ ਆਖਿਆ, ਸ਼ਕਤੀਓ ਇਹ ਜਿੰਨੀ ਫੌਜ ਹੈ, ਵਿਘਨ ਪਾ ਦਿਓ। ਜੋ ਕਰ ਸਕਦੇ ਹੋ, ਤਬਾਹੀ ਕਰ ਦਿਓ। ਸੁਣਨ ਵਾਲਾ ਬਚਨ ਹੈ। ਅੱਧਾ ਘੰਟਾ, ਘੰਟਾ, ਦੋ ਘੰਟੇ, ਕਈ ਕੁਝ ਕੀਤਾ, ਜ਼ੋਰ ਨਹੀਂ ਚੱਲਿਆ। ਕਿਉਂ ਨਹੀਂ ਚੱਲਿਆ। ਅੱਜ ਮਾਣ ਕਰਿਓ। ਕਿਉਂ ਨਹੀਂ ਚੱਲਿਆ? ਸਾਹਮਣੇ ਕੌਣ ਬੈਠਾ ਹੈ, ਦਰਸ਼ਨ ਕਰਿਓ :

***ਸੁਣੀ ਅਰਦਾਸਿ ਸੁਆਮੀ ਮੇਰੈ***
***ਸਰਬ ਕਲਾ ਬਣਿ ਆਈ ॥***
***ਪ੍ਰਗਟ ਭਈ ਸਗਲੇ ਜੁਗ ਅੰਤਰਿ***

*ਗੁਰ ਨਾਨਕ ਕੀ ਵਡਿਆਈ ॥੪॥੧੧॥*

*(ਅੰਗ ੬੧੧)*

ਤੁਸੀਂ ਕਿੰਨੇ ਅਮੀਰ ਹੋ। ਕਿਸੇ ਕੋਲੋਂ ਕੁਝ ਕਲਾ, ਕਿਸੇ ਕੋਲੋਂ ਕੁਝ ਕਲਾ ਪਰ ਤੁਹਾਡੇ ਪਿਤਾ ਜੀ ਕੌਣ ਹਨ? ਸਰਬ ਕਲਾ। ਜਿੱਥੇ ਸਰਬ ਕਲਾ ਨਾਲ ਯਾਰੀ ਹੋਵੇ ਉੱਥੇ ਦੂਜੀ ਚੀਜ਼ ਅਸਰ ਹੀ ਨਹੀਂ ਕਰਦੀ। **ਇਹ ਬਾਬਾ ਨੰਦ ਸਿੰਘ ਜੀ ਦੇ ਬਚਨ ਹਨ, ਜਿਸ ਘਰ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਅੰਮ੍ਰਿਤ ਵੇਲੇ ਪੜ੍ਹੀ ਜਾਂਦੀ ਹੋਵੇ, ਇਨ੍ਹਾਂ ਚੀਜ਼ਾਂ ਨੂੰ ਸੁਆਹ ਦੇ ਡੱਬੇ ਵਿੱਚ ਵੀ ਜਗ੍ਹਾ ਨਹੀਂ ਮਿਲਦੀ।**

**ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਦੇ ਬਚਨ ਹਨ, ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਜਿਸ ਘਰ ਵਿੱਚ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਦੀ ਹਾਜ਼ਰੀ ਲੱਗ ਜਾਵੇ, ਉਸ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।** ਧਿਆਨ ਦੇਣਾ ਜੀ। ਉਸ ਕੋਲ ਜੋ ਇਲਮ, ਜ਼ੋਰ ਲਗਾਇਆ ਪਰ ਉਸਦੀ ਕੋਈ ਪੇਸ਼ ਨਹੀਂ ਚੱਲੀ। ਹੁਣ ਉਹ ਸੋਚਦਾ ਹੈ ਕਿ ਕੀ ਕਰਾਂ? ਇੱਕ ਧੋਬਣ ਨਿਤਾਈ, ਇਹ ਸ਼ਕਤੀਆਂ ਦੀ ਹੈੱਡ ਸੀ। ਬਹੁਤ ਇਲਮਾਂ ਦੀ ਮਾਹਰ, ਪਰ੍ਹੇ ਦੀ ਬਾਤ ਸੀ। ਇਹ ਰਾਜਾ ਰਾਮ ਰਾਏ ਨੇ ਉਸ ਨੂੰ ਕਿਹਾ ਕਿ ਮੇਰੀ ਸਹਾਇਤਾ ਕਰ। ਇਹ ਫੌਜਾਂ ਚੜ੍ਹਾਈ ਕਰਨ ਆਈਆਂ ਹਨ। ਉਸ ਧੋਬਣ ਨਿਤਾਈ ਕੋਲ ਬਹੁਤ ਹੀ ਉਤਾਂਹ ਦਾ ਕੰਮ ਸੀ। ਉਹ ਕਹਿਣ ਲੱਗੀ, ਮੈਂ ਹੁਣੇ ਹੀ ਕਾਰਵਾਈ ਪਾ ਦਿੰਦੀ ਹਾਂ। ਅੱਗੋਂ ਰਾਜਾ ਰਾਮ ਰਾਏ ਕਹਿੰਦਾ ਹੈ, ਪਤਾ ਨਹੀਂ, ਉਸ ਨਾਲ ਇੱਕ ਪੀਰ ਵੀ ਹਨ। ਕਹਿਣ ਲੱਗੀ, ਮੈਂ ਫਿਰ ਬਿਸ਼ਨ ਰਾਏ ਨੂੰ ਤਾਂ ਬਾਅਦ ਵਿੱਚ ਵੇਖਾਂਗੀ ਪਹਿਲਾਂ ਪੀਰ ਤੇ ਜ਼ੋਰ ਚਲਾਉਂਦੀ ਹਾਂ। ਔਰ ਦਾਸ ਪੜ੍ਹ ਕੇ ਹੈਰਾਨ ਰਹਿ ਗਿਆ, ਇਹ ਭਾਈ ਮਨੀ ਸਿੰਘ ਜੀ ਦੀ ਟਕਸਾਲ ਨੇ ਸਾਖੀ ਲਿਖਣੀ ਕੀਤੀ ਹੈ। ਗ੍ਰੰਥਾਂ ਦੇ ਆਧਾਰ ਤੇ, ਭਾਈ ਮਨੀ ਸਿੰਘ ਜੀ ਦੀ ਟਕਸਾਲ ਨੇ ਲਿਖਿਆ ਹੈ ਕਿ ਉਹ ਉੱਡ ਕੇ ਆਈ। ਇੰਨੀ ਸ਼ਕਤੀ ਸੀ। ਤੁਰ ਕੇ ਨਹੀਂ ਆਈ। ਇਹ ਨਿਤਾਈ ਧੋਬਣ ਉੱਡ ਕੇ ਆਈ ਹੈ ਤੇ ਆ ਕੇ ਦਰੱਖਤ ਉੱਤੇ ਚੜ੍ਹ ਕੇ ਆਪਣੀਆਂ ਗਲਤ ਸ਼ਕਤੀਆਂ ਨਾਲ, ਉਸ ਪੀਰ ਸਾਡੇ ਮਾਲਕ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਪੱਥਰ ਦਾ ਵਾਰ ਕੀਤਾ। ਉਹ ਪੱਥਰ ਥੋੜ੍ਹੀ ਪਰ੍ਹੇ ਡਿੱਗਾ। ਦੂਜੇ ਪੱਥਰ ਦਾ ਵਾਰ ਕੀਤਾ, ਉਹ ਵੀ ਪਰ੍ਹੇ ਡਿੱਗਾ। ਇਹ ਪੱਥਰ ਉੱਥੇ ਮੌਜੂਦ ਹਨ, ਦਰੱਖਤ ਵੀ ਮੌਜੂਦ ਹੈ। ਧਿਆਨ ਦੇਣਾ। ਹੁਣ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਥੋੜ੍ਹੀ ਜਿਹੀ ਨਿਗ੍ਹਾ ਘੁਮਾਈ ਹੈ। ਤੁਹਾਡੇ ਪਿਤਾ ਜੀ ਨੇ ਨਿਗ੍ਹਾ ਹੀ ਘੁਮਾਈ ਹੈ, ਨਿਗ੍ਹਾ ਨਾਲ ਵੇਖਿਆ ਹੀ ਹੈ, ਬੱਸ ਉਹ ਧੋਬਣ ਨਿਤਾਈ ਜਿਹੜੀ ਉੱਡ ਕੇ ਆਈ, ਦਰੱਖਤ ਤੇ ਚੜ੍ਹ ਕੇ ਵਾਰ ਕੀਤਾ ਤੇ ਉਸ ਵੱਲ ਵੇਖਦਿਆਂ ਹੀ ਉੱਥੇ ਹੀ ਜੜ੍ਹ ਰੂਪ ਬਣ ਗਈ। ਸਤਿਗੁਰੂ ਜੀ ਦੇ ਵੇਖਦਿਆਂ ਹੀ ਜੜ੍ਹ ਰੂਪ ਹੋ ਗਈ। ਤੁਹਾਡੇ ਪਿਤਾ ਜੀ ਕੌਣ ਹਨ?

***ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।***

ਫਿਰ ਸਿੱਖ ਪਕੜ ਕੇ ਲਿਆਏ। ਜੜ੍ਹ ਹੀ ਹੋ ਗਈ। ਸਿੱਖਾਂ ਨੇ ਦਰੱਖਤ ਤੋਂ ਉਤਾਰਿਆ। ਇਹ ਫਿਰ ਸ਼ਰਨ ਡਿੱਗੀ, ਬਖਸ਼ ਲਓ। ਮੈਂ ਆਪਣੀ ਸਾਰੀ ਜ਼ਿੰਦਗੀ ਦੂਜਿਆਂ ਨੂੰ ਨੁਕਸਾਨ ਪਹੁੰਚਾਇਆ ਹੈ, ਸਾਰੀ ਜ਼ਿੰਦਗੀ ਇਨ੍ਹਾਂ ਇਲਮਾਂ ਵੱਲ ਲਗਾ ਦਿੱਤੀ। ਸਾਧ ਸੰਗਤ ਜੀ ਤੁਸੀਂ ਕਿੰਨੇ ਅਮੀਰ ਹੋ, ਜੇ ਗੁਰੂ ਸਾਹਿਬ ਦੀ ਬਾਣੀ ਪੜ੍ਹੋ, ਗੁਰੂ ਸਾਹਿਬ ਦੇ ਗੁਣ ਗਾਓ, ਗੁਰੂ ਸਾਹਿਬ ਨੂੰ ਵਲ ਕਰ ਲਓ, ਉਸ ਦੇ ਬਣ ਜਾਓ। ਇਹ ਸਭ ਚੀਜ਼ਾਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਹਨ। ਗੁਰਦੁਆਰਾ ਧੋਬੜੀ ਸਾਹਿਬ ਦਰਸ਼ਨ ਕਰਨ ਜਾਂਦੇ ਹੋ, ਇੱਥੇ ਸਤਿਗੁਰੂ ਜੀ ਨੇ ਇਸ ਦੀ ਕਲਿਆਨ ਕੀਤੀ। ਇੱਥੋਂ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਜਾਗ੍ਰਿਤੀ

ਯਾਤਰਾ ਦੇ ਰੂਪ ਵਿੱਚ ਆਰੰਭ ਕੀਤਾ ਗਿਆ ਹੈ ਜੋ ਦੇਸ਼ ਦੇ ਸਾਰੇ ਕੋਨਿਆਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਸਮਾਪਤ ਹੋਵੇਗਾ।

ਹੁਣ ਵੇਖੋ, ਦਾਸ ਹੈਰਾਨ ਹੈ, ਬੰਦਾ ਹੱਠ ਨਹੀਂ ਛੱਡਦਾ। ਰਾਜਾ ਰਾਮ ਰਾਏ ਦੀਆਂ ਸ਼ਕਤੀਆਂ ਫੇਲ ਹੋ ਗਈਆਂ, ਫਿਰ ਉਸਨੇ ਧੋਬਣ ਨਿਤਾਈ ਨੂੰ ਭੇਜਿਆ, ਉਹ ਕੰਮ ਵੀ ਫੇਲ। ਫਿਰ ਇਸ ਰਾਜੇ ਨੇ ਵਰਨ ਦੇਵਤੇ ਦੀ ਅਰਾਧਨਾ ਕੀਤੀ। ਵਰਨ ਦੇਵਤੇ ! ਮੈਂ ਤੈਨੂੰ ਸਿੱਧ ਕੀਤਾ ਹੋਇਆ ਹੈ। ਮੇਰੀ ਮਦਦ ਕਰ। ਰਾਜਾ ਬਿਸ਼ਨ ਰਾਏ ਦੇ ਨਾਲ ਕੋਈ ਪੀਰ ਆਏ ਹਨ ਤੇ ਤੂੰ ਮੇਰੀ ਮਦਦ ਕਰ। ਧਿਆਨ ਦੇਣਾ। ਰਾਜਾ ਰਾਮ ਰਾਏ ਅਰਾਧਨਾ ਕਰ ਰਿਹਾ ਹੈ, ਹੇ ਵਰਨ ਦੇਵਤਾ ! ਮੇਰੀ ਮਦਦ ਕਰ, ਮੈਂ ਤੈਨੂੰ ਸਿੱਧ ਕੀਤਾ ਹੈ। ਇਧਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਰਾਜ ਨਹੀਂ ਦਿੱਤਾ, ਰਮਜ਼ ਸੁੱਟੀ ਹੈ। ਬ੍ਰਹਮਪੁੱਤਰ ਦਰਿਆ ਦੇ ਕੰਢੇ ਤੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿੰਦੇ, ਰਾਜਾ ਬਿਸ਼ਨ ਰਾਏ, ਇੱਕ ਕੰਮ ਕਰੋ। ਰਮਜ਼ ਦਿੱਤੀ, ਰਾਜ ਨਹੀਂ। ਇਹ ਹੈ ਗੁਰੂ ਦਾ ਘਰ। ਰਾਜਾ ਬਿਸ਼ਨ ਰਾਏ ਇੱਕ ਕੰਮ ਕਰੋ। ਸਤਿਗੁਰੂ ਜੀ ਹੁਕਮ ਕਰੋ। ਸਤਿਗੁਰੂ ਜੀ ਕਹਿੰਦੇ, ਸਾਰੀ ਫੌਜ ਨੂੰ ਹੁਕਮ ਲਗਾਓ ਕਿ ਪਹਾੜੀ ਦੀ ਟੀਸੀ ਤੇ ਚਲੀਆਂ ਜਾਣ। ਦਰਿਆ ਦੇ ਕੰਢੇ ਤੋਂ ਪਹਾੜੀ ਦੀ ਟੀਸੀ ਤੇ। ਜਿੰਨੇ ਹਿੰਦੂ ਰਾਜੇ ਸੀ ਰਾਜਪੂਤ, ਉਨ੍ਹਾਂ ਨੇ ਬਚਨ ਮੰਨਿਆ। ਜਿਹੜੀ ਮੁਗਲ ਫੌਜ ਸੀ, ਉਨ੍ਹਾਂ ਵਿੱਚੋਂ ਕਿਸੇ ਨੇ ਬਚਨ ਨਹੀਂ ਮੰਨਿਆ। ਇੰਨੇ ਦਿਨ ਬੈਠੇ ਕੁਝ ਨਹੀਂ ਹੋਇਆ, ਤੂੰ ਤਾਂ ਰਾਜਾ ਬਿਸ਼ਨ ਰਾਏ ਮੂਰਖ ਹੈਂ, ਐਵੇਂ ਇੱਕ ਪੀਰ ਦੇ ਮਗਰ ਲੱਗਾ ਹੋਇਆ ਹੈ। ਹਲਕੇ ਲਫਜ਼। ਰਾਜਾ ਬਿਸ਼ਨ ਰਾਏ ਤੇ ਜਿੰਨੇ ਰਾਜਪੂਤ ਰਾਜੇ, ਉਹ ਸਾਰੇ ਪਹਾੜੀ ਦੀ ਟੀਸੀ ਤੇ ਚਲੇ ਗਏ। ਰਾਜਾ ਰਾਮ ਰਾਏ ਨੇ ਵਰਨ ਦੇਵਤੇ ਦੀ ਅਰਾਧਨਾ ਕੀਤੀ ਸੀ ਕਿ ਮੇਰੀ ਮਦਦ ਕਰੋ, ਉਸ ਨੇ ਦਰਿਆ ਚੜ੍ਹਾ ਦਿੱਤਾ। ਜਿਨ੍ਹਾਂ ਨੇ ਬਚਨ ਨਹੀਂ ਮੰਨਿਆ, ਸਾਰਿਆਂ ਨੂੰ ਦਰਿਆ ਰੋੜ੍ਹ ਕੇ ਲੈ ਗਿਆ। ਧਿਆਨ ਦੇਣਾ। ਜਿਹੜੇ ਉੱਤੇ ਚਲੇ ਗਏ, ਰਾਜ ਨਹੀਂ ਦੱਸ ਸਕਦੇ। ਰੱਬ ਦਾ ਹੁਕਮ ਨਹੀਂ। ਰਮਜ਼ ਦਿੰਦਾ ਹੈ, ਗੁਰੂ। ਰਮਜ਼ ਦਿੱਤੀ ਸੀ ਜਿਹੜੇ ਮੰਨ ਗਏ, ਕਿਰਪਾ ਹੋ ਗਈ। ਕੁਝ ਬਚ ਗਏ। ਉਹ ਵੀ ਆ ਗਏ ਭੈਅ ਵਿੱਚ ਕਿ ਜਿਹੜੀ ਪਹਾੜੀ ਦੀ ਟੀਸੀ ਤੇ ਸਤਿਗੁਰੂ ਜੀ ਗਏ, ਉੱਥੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਹੈ। ਹੁਣ ਅਜੇ ਵੀ ਕਾਮਯਾਬੀ ਨਹੀਂ ਮਿਲੀ ਤੇ ਰਾਜਾ ਰਾਮ ਰਾਏ, ਉਸ ਨੇ ਹੁਣ ਦੇਵੀ ਦੀ ਅਰਾਧਨਾ ਕੀਤੀ ਕਿ ਮੇਰੀ ਮਦਦ ਕਰੋ। ਅਰਾਧਨਾ ਕੀਤੀ ਤੇ ਇਤਿਹਾਸ ਵਿੱਚ ਲਿਖਿਆ ਹੈ ਕਿ ਦੇਵੀ ਪ੍ਰਗਟ ਹੋ ਗਈ। ਪੁੱਛਿਆ, ਕੀ ਮੰਗਦਾ ਹੈਂ, ਰਾਜਾ ਬਿਸ਼ਨ ਰਾਏ ਮੇਰੇ ਤੇ ਹਮਲਾ ਕਰਨ ਆਇਆ ਹੈ ਤੇ ਅੱਜ ਤੱਕ ਅਸੀਂ ਕਿਸੇ ਨੂੰ ਨੇੜੇ ਨਹੀਂ ਆਉਣ ਦਿੱਤਾ, ਸਾਡੇ ਕੋਲ ਜੋ ਸ਼ਕਤੀਆਂ ਹਨ, ਉਸ ਨਾਲ ਇੱਕ ਪੀਰ ਆਏ ਹਨ ਜਿਸਦੇ ਅੱਗੇ ਸਾਡੀ ਚਲਦੀ ਨਹੀਂ ਪਈ, ਦੇਵੀ, ਮਦਦ ਕਰੋ। ਇੱਥੇ ਆ ਕੇ ਵਿਕ ਜਾਓਗੇ। ਉਸ ਵੇਲੇ ਦੇਵੀ ਨੇ ਕੀ ਆਖਿਆ? ਓ ਰਾਜਾ ਰਾਮ ਰਾਏ, ਇਹ ਜਿਹੜੇ ਪੀਰ ਬਿਸ਼ਨ ਰਾਏ ਦੇ ਨਾਲ ਆਏ ਹਨ, ਇਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਨੌਂਵਾਂ ਰੂਪ ਹਨ। ਇੱਥੋਂ ਹੀ ਅਸੀਂ ਸ਼ਕਤੀਆਂ ਲੈ ਕੇ, ਬਖਸ਼ਿਸ਼ਾਂ ਲੈ ਕੇ ਝੋਲੀਆਂ ਭਰਦੇ ਹਾਂ। ਇੱਥੇ ਸਾਡੀ ਵੀ ਨਹੀਂ ਚੱਲ ਸਕਦੀ। ਵੇਖੋ, ਕੌਣ ਹਨ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ।

*ਸੁਣੀ ਅਰਦਾਸਿ ਸੁਆਮੀ ਮੇਰੈ*
*ਸਰਬ ਕਲਾ ਬਣਿ ਆਈ ॥*
*ਪ੍ਰਗਟ ਭਈ ਸਗਲੇ ਜੁਗ ਅੰਤਰਿ*
*ਗੁਰ ਨਾਨਕ ਕੀ ਵਡਿਆਈ ॥੪॥੧੧॥*

*(ਅੰਗ ੬੧੧)*

ਦੇਵੀ ਕਹਿੰਦੀ, ਮੈਂ ਤੈਨੂੰ ਇੱਕ ਸਲਾਹ ਦਿੰਦੀ

ਹਾਂ, ਇੱਥੇ ਤੇਰਾ ਜ਼ੋਰ ਨਹੀਂ ਚੱਲ ਸਕਦਾ। ਇੱਕੋ ਕੰਮ ਚੱਲ ਸਕਦਾ ਹੈ, ਸ਼ਰਨ ਜਾ ਕੇ ਡਿੱਗ ਪੈ। ਸ਼ਰਨ ਗ੍ਰਹਿਣ ਕਰ। ਸਹੀ ਰਾਏ ਦਿੱਤੀ। ਹੁਣ ਰਾਜਾ ਰਾਮ ਰਾਏ ਦੇ ਦਿਮਾਗ ਵਿੱਚ ਕੀ ਆਇਆ? ਮੈਂ ਵਾਕਿਆ ਹੀ ਸਾਰੇ ਹੀ ਜ਼ੋਰ ਲਗਾ ਕੇ ਵੇਖ ਲਏ ਹਨ। ਇੱਕ ਨਹੀਂ ਚੱਲਿਆ। ਸ਼ਰਨ ਡਿੱਗ ਪਵਾਂ। ਭੇਟਾਵਾਂ ਲਈਆਂ। ਖਾਲੀ ਹੱਥ ਨਹੀਂ। ਦਰਿਆ ਪਾਰ ਕੀਤਾ, ਬ੍ਰਹਮਪੁੱਤਰ। ਪਹਾੜੀ ਤੇ ਜਾ ਕੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਤੇ ਡਿੱਗ ਕੇ ਲਫਜ਼ ਬੋਲੇ, ਸਤਿਗੁਰੂ ਜੀ, ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋਈ। ਮੈਂ ਤੁਹਾਨੂੰ ਸ਼ਕਤੀਆਂ ਵਿਖਾਈਆਂ। ਮੈਂ ਆਪ ਜੀ ਨਾਲ ਟੱਕਰ ਲਈ। ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋਈ, ਮੇਰੇ ਔਗੁਣ ਬਖਸ਼ੋ। ਤੁਸੀਂ ਜੋ ਕਹੋਗੇ, ਮੈਂ ਤਿਆਰ ਹਾਂ। ਇੱਥੇ ਲਫਜ਼ ਸੁਣਨ ਵਾਲੇ ਹਨ। ਅਸਾਮ ਦਾ ਰਾਜਾ ਰਾਮ ਰਾਏ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਹਿੰਦਾ ਹੈ, ਤੁਸੀਂ ਜੋ ਕਹੋਗੇ, ਮੈਂ ਤਿਆਰ ਹਾਂ ਪਰ ਤੁਸੀਂ ਨਿਰਵੈਰ ਹੋ। ਮੇਰੀ ਇੱਕ ਬੇਨਤੀ ਹੈ, ਮੈਨੂੰ ਕਿਸੇ ਮੁਗਲ ਦੇ ਅਧੀਨ ਨਾ ਕਰਨਾ। ਬੜਾ ਸੁਣਨ ਵਾਲਾ ਬਚਨ ਹੈ। ਮੈਂ ਹਿੰਦੂ ਰਾਜਪੂਤ ਰਾਜਾ ਹਾਂ। ਮੈਨੂੰ ਕਿਸੇ ਮੁਗਲ ਦੇ ਅਧੀਨ ਨਾ ਕਰਨਾ। ਮੇਰੀ ਰੱਖਿਆ ਵੀ ਕਰਨੀ। ਸਾਡਾ ਗੁਰੂ ਕੌਣ ਹੈ? ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀ ਆਖਿਆ? ਵਾਪਸ ਜਾਓ, ਮਹਿਲਾਂ ਵਿੱਚ, ਆਪਣੇ ਰਾਜ ਵਿੱਚ। ਅਸੀਂ ਉੱਥੇ ਆ ਕੇ ਮਿਲਾਂਗੇ। ਇਧਰ ਰਾਜਾ ਬਿਸ਼ਨ ਰਾਏ ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿੰਦੇ ਹਨ, ਹੁਣ ਅਸਾਮ ਜਾਣਾ ਹੈ, ਦਰਿਆ ਪਾਰ ਕਰਕੇ। ਹੁਣ ਦਾਸ ਨੂੰ ਬੋਲਣਾ ਪੈ ਰਿਹਾ। ਇਸ ਨੂੰ ਦੂਜੇ ਬੰਨੇ ਨਾ ਖੜਨਾ। ਸਤਿਗੁਰੂ ਜੀ ਕਹਿੰਦੇ, ਰਾਜਾ ਬਿਸ਼ਨ ਰਾਏ ਨੂੰ ਕਿ ਮੁਗਲ ਸਿਪਾਹੀ ਨਾਲ ਨਹੀਂ ਖੜਨੇ। ਉਹ ਨਾਲ ਨਹੀਂ ਗਏ। ਜਦੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਰਾਜਾ ਬਿਸ਼ਨ ਰਾਏ, ਰਾਜਪੂਤ ਫੌਜਾਂ ਪਹੁੰਚੀਆਂ ਤਾਂ ਨੌਵੇਂ ਪਾਤਸ਼ਾਹ ਜੀ ਨੇ ਕੈਸਾ ਸਮਾਂ ਬਣਾ ਦਿੱਤਾ। ਕੈਸੀ ਬਿੱਧ ਬਣਾ ਦਿੱਤੀ। ਰਾਜਾ ਰਾਮ ਰਾਏ ਸਾਰੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਇਆ ਤੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਸਾਡੇ ਗੁਰੂ ਐਸੇ ਹਨ, ਜੰਗ ਕਰਵਾਉਣੀ ਇੱਕ ਪਾਸੇ, ਜੰਗ ਜਿਤਾਉਣੀ ਇੱਕ ਪਾਸੇ, ਸਤਿਗੁਰੂ ਜੀ ਕਹਿੰਦੇ ਸਾਨੂੰ ਖੁਸ਼ੀ ਤਾਂ ਮਿਲੇਗੀ ਜੇ ਤੁਸੀਂ ਦੋਵੇਂ ਜੱਫੀ ਪਾ ਕੇ ਮਿਲੋ। ਇਹ ਲਿਖਿਆ ਹੈ, ਰਾਜਾ ਬਿਸ਼ਨ ਰਾਏ ਤੇ ਰਾਜਾ ਰਾਮ ਰਾਏ ਜੱਫੀ ਪਾ ਕੇ ਮਿਲੇ। ਨੌਵੇਂ ਪਾਤਸ਼ਾਹ ਜੀ ਅੱਗੋਂ ਕੀ ਕਹਿੰਦੇ? ਕਹਿੰਦੇ, ਸਾਨੂੰ ਹੋਰ ਠੰਡ ਤਾਂ ਪਵੇਗੀ ਜੇ ਤੁਸੀਂ ਆਪਸ ਵਿੱਚ ਪੱਗ ਵਟਾ ਕੇ ਭਰਾ ਬਣ ਜਾਓ। ਸਾਡੇ ਗੁਰੂ ਕੈਸੇ ਹਨ। ਜੰਗਾਂ ਦੀਆਂ ਲਕੀਰਾਂ ਹੀ ਮਿਟਾ ਦਿੱਤੀਆਂ। ਦੋਵਾਂ ਨੇ ਆਪਸ ਵਿੱਚ ਪੱਗ ਵਟਾ ਕੇ ਭਰਾਵਾਂ ਵਾਲਾ ਵਾਅਦਾ ਕੀਤਾ। ਪੜ੍ਹ ਲਓ ਜ਼ਰਾ:

***ਗੁਰ ਪੂਰਾ ਨਿਰਵੈਰੁ ਹੈ ਨਿੰਦਕੁ ਦੋਖੀ ਬੇਮੁਖ ਤਾਰੇ।***

*(ਵਾਰ ੨੬, ਪਉੜੀ ੧੯)*

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅੰਦਰੋਂ ਜੰਗਾਂ ਦੀਆਂ ਲਕੀਰਾਂ ਹੀ ਮਿਟਾ ਦਿੱਤੀਆਂ। ਦੋਵਾਂ ਦਾ ਮਿਲਾਪ ਕਰਵਾ ਦਿੱਤਾ। ਰਾਜਾ ਬਿਸ਼ਨ ਰਾਏ ਤੇ ਰਾਜਾ ਰਾਮ ਰਾਏ ਤੇ ਅਗਾਂਹ ਸਾਖੀਆਂ ਸੁਣਦੇ ਹੋ, ਸਤਿਗੁਰੂ ਜੀ ਦਾ ਜਿੱਥੇ ਨਿਵਾਸ ਹੋਇਆ। ਇਹ ਰਾਜਾ ਰਾਮ ਰਾਏ ਫਿਰ ਆ ਕੇ ਔਲਾਦ ਮੰਗੀ। ਫਿਰ ਸਤਿਗੁਰੂ ਜੀ ਨੇ ਆਖਿਆ ਕਿ ਪੁੱਤਰ ਹੋਵੇਗਾ ਤੇ ਉਸ ਦੇ ਮੱਥੇ ਤੇ ੧ਓ ਦੀ ਮੋਹਰ ਹੋਵੇਗੀ। ਵੇਖੋ, ਸਾਡੇ ਗੁਰੂ ਸਾਹਿਬ ਕੈਸੇ ਹਨ, ਉਸ ਨੇ ਕਈ ਕੁਝ ਕੀਤਾ, ਇੱਕ ਨਹੀਂ ਚੱਲਿਆ।

***ਗੁਰ ਜੈਸਾ ਨਾਹੀ ਕੋ ਦੇਵ॥***

*(ਅੰਗ ੧੧੪੨)*

*—ਬਾਕੀ ਹਿੱਸਾ ਪੰਨਾ 16 'ਤੇ ਪੜ੍ਹੋ ਜੀ*

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਾਵਨ ਸੀਸ ਚਾਂਦਨੀ ਚੌਂਕ ਤੋਂ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਉਣ ਸਮੇਂ ਧੰਨ ਭਾਈ ਜੈਤਾ ਜੀ ਦਾ ਸਫਰ

## ਸੀਸ ਮਾਰਗ ਯਾਤਰਾ

*—ਧੰਨਵਾਦ ਸਹਿਤ "ਜੀਵਨ ਕਥਾ ਅਤੇ ਸ਼ਹਾਦਤ ਸ੍ਰੀ ਗੁਰੂ ਤੇਗ ਬਹਾਦਰ ਜੀ" ਪੁਸਤਕ 'ਚੋਂ, ਭਾਈ ਪਿੰਦਰਪਾਲ ਸਿੰਘ ਜੀ*

### ਪਹਿਲਾ ਪੜਾਅ : ਬਾਗਪਤ

ਸ੍ਰਿਸ਼ਟੀ ਦੀ ਪੱਤ ਰੱਖਣ ਵਾਲੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਨੌਵੀਂ ਜੋਤ ਸੱਚੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਸ਼ਹੀਦੀ ਤੋਂ ਬਾਅਦ ਗੁਰੂ ਸਾਹਿਬ ਦੇ ਬਹੁਤ ਪਿਆਰੇ ਸਿੱਖ ਧੰਨ ਭਾਈ ਜੈਤਾ ਜੀ ਨੇ ਨੌਵੇਂ ਪਾਤਸ਼ਾਹ ਜੀ ਦਾ ਸੀਸ ਬੜੇ ਅਦਬ ਨਾਲ ਚੁੱਕਿਆ, ਕੱਪੜੇ ਵਿੱਚ ਲਪੇਟਿਆ ਤੇ ਘੁੱਟ ਕੇ ਸੀਨੇ ਲਗਾ ਕੇ ਅਰਦਾਸ ਕੀਤੀ, ਹੇ ਸੱਚੇ ਪਾਤਸ਼ਾਹ ਜੀ! ਆਪ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਮਾਤਾ ਗੁਜਰੀ ਜੀ ਕੋਲ ਲੈ ਕੇ ਚਲਿਆ ਹਾਂ, ਅੰਗ ਸੰਗ ਸਹਾਈ ਹੋਣਾ ਜੀ।

ਪਹਿਲੇ ਦਿਨ ਭਾਈ ਜੈਤਾ ਜੀ ਨੇ 40 ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਦਿੱਲੀ ਅਤੇ ਯੂ. ਪੀ. ਦੇ ਬਾਰਡਰ ਤੇ ਬਾਗਪਤ ਨਾਮਕ ਅਸਥਾਨ ਤੇ ਪਹਿਲਾ ਪੜਾਅ ਕੀਤਾ। ਇੱਥੇ ਇੱਕ ਸੂਫੀ ਫਕੀਰ ਜਿਸ ਦਾ ਨਾਮ ਸ਼ੇਖ ਹਜ਼ਰਤ ਵਾਊ ਦੀਨ ਕੋਲ ਦਰਗਾਹ ਵਿਖੇ ਪਹਿਲਾ ਪੜਾਅ ਕੀਤਾ। ਜਦੋਂ ਸ਼ੇਖ ਹਜ਼ਰਤ ਵਾਊ ਦੀਨ ਨੂੰ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਦਾ ਪਤਾ ਲੱਗਾ ਤੇ ਸਤਿਗੁਰੂ ਜੀ ਦੇ ਪਾਵਨ ਸੀਸ ਦੇ ਦਰਸ਼ਨ ਕਰਕੇ ਬਹੁਤ ਹੀ ਵੈਰਾਗ ਵਿੱਚ ਆ ਗਏ। ਸ਼ੇਖ ਹਜ਼ਰਤ ਵਾਊ ਦੀਨ ਨੇ ਭਾਈ ਜੈਤਾ ਜੀ ਨੂੰ ਬੜੇ ਹੀ ਅਦਬ ਤੇ ਸਤਿਕਾਰ ਨਾਲ ਇੱਕ ਹਿੰਦੂ ਵੀਰ ਭਾਈ ਕ੍ਰਿਸ਼ਨ ਪਾਲ ਜੀ ਦੇ ਘਰ ਪਹੁੰਚਾ ਦਿੱਤਾ, ਜਿੱਥੇ ਭਾਈ ਜੈਤਾ ਜੀ ਨੇ ਪਹਿਲੀ ਰਾਤ ਕੱਟੀ। ਭਾਈ ਕ੍ਰਿਸ਼ਨ ਪਾਲ ਜੀ ਨੇ ਸਾਰੀ ਰਾਤ ਸਤਿਗੁਰੂ ਜੀ ਦੇ ਪਾਵਨ ਸੀਸ ਦੀ ਸੇਵਾ ਕੀਤੀ। ਸਵੇਰ ਹੋਈ ਸਤਿਗੁਰੂ ਜੀ ਦੇ ਪਾਵਨ ਸੁੱਚੇ ਲਹੂ ਨਾਲ ਲੱਥਪੱਥ ਹੋਈ ਚਾਦਰ ਨੂੰ ਭਾਈ ਜੈਤਾ ਜੀ ਨੇ ਪਰਤ ਕੇ ਬਦਲਿਆ ਤੇ ਅਗਲੇ ਪੈਂਡੇ ਲਈ ਰਵਾਨਾ ਹੋ ਗਏ। ਇਹ ਪੁਰਾਤਨ ਅਸਥਾਨ ਬਾਗਪਤ ਵਿਖੇ ਸੁਭਾਇਮਾਨ ਹੈ। ਇਹ ਅਸਥਾਨ ਕੁੰਡਲੀ ਬਾਰਡਰ ਤੋਂ ਤਕਰੀਬਨ 30 ਕਿਲੋਮੀਟਰ ਦੀ ਦੂਰੀ ਤੇ ਹੈ।

### ਦੂਜਾ ਪੜਾਅ : ਤਰਾਵੜੀ

ਤਿਆਗ, ਵੈਰਾਗ ਤੇ ਅਨੁਰਾਗ ਦੀ ਮੂਰਤ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਸੀਸ ਧੰਨ ਭਾਈ ਜੈਤਾ ਜੀ ਬਾਗ ਪੱਟ ਤੋਂ ਲੈ ਕੇ ਅਗਲੇ ਪੜਾਅ ਲਈ ਰਵਾਨਾ ਹੋਏ। ਜੰਗਲ ਦੀਆਂ ਝਾੜੀਆਂ ਵਿੱਚੋਂ ਨਿਕਲਦੇ ਰਾਤ ਦੇ ਸਮੇਂ ਹਰਿਆਣਾ ਵਿਖੇ ਕਰਨਾਲ ਦੇ ਕੋਲ ਤਰਾਵੜੀ ਨਗਰ ਪਹੁੰਚੇ। ਜਿੱਥੇ ਇੱਕ ਨਵਾਬ ਦਾ ਕਿਲ੍ਹਾ ਸੀ ਤੇ ਕਿਲ੍ਹੇ ਵਿੱਚ ਇੱਕ ਛੱਪੜ ਸੀ, ਜਿੱਥੇ ਧੋਬੀ ਕੱਪੜੇ ਧੋਂਦੇ ਸਨ। ਰਾਤ ਦਾ ਸਮਾਂ ਹੈ, ਨਜ਼ਰ ਸਾਫ਼ ਨਹੀਂ ਆ ਰਿਹਾ ਤੇ ਝਾੜੀਆਂ ਦੇ ਓਹਲੇ ਰਾਤ ਕੱਟਣ ਲਈ ਧੰਨ ਭਾਈ ਜੈਤਾ ਜੀ ਥਾਂ ਲੱਭਦੇ ਪਏ ਹਨ। ਝਾੜੀਆਂ ਦੀ ਅਵਾਜ਼ ਸੁਣ ਕੇ ਤਾਰਿਆਂ ਦੀ

ਨਿੰਮੀ ਲੋਅ ਵਿੱਚ ਛੱਪੜ ਕੋਲ ਕੱਪੜੇ ਸੁਕਾਉਣ ਲਈ ਪਾਏ ਹੋਏ ਧੋਬੀ ਦੇਵਾ ਰਾਮ ਨੇ ਕਿਹਾ, ਜੇ ਕੋਈ ਹੈ ਤਾਂ ਬਾਹਰ ਆ ਜਾਵੇ। ਭਾਈ ਜੈਤਾ ਜੀ ਨੂੰ ਇੰਝ ਲੱਗਿਆ ਜਿਵੇਂ ਕਿਸੇ ਆਪਣੇ ਨੇ ਅਵਾਜ਼ ਦਿੱਤੀ ਹੈ। ਭਾਈ ਜੈਤਾ ਜੀ ਨੇ ਕਿਹਾ ਮੈਂ ਸ੍ਰੀ ਅਨੰਦਪੁਰ ਸਾਹਿਬ ਵਾਲੇ ਸਤਿਗੁਰੂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਿੱਖ ਹਾਂ ਤਾਂ ਧੋਬੀ ਦੇਵਾ ਰਾਮ ਜੀ ਨੇ ਕਿਹਾ ਗੁਰੂ ਕੇ ਸਿੱਖਾ ਤੂੰ ਮੇਰੇ ਘਰ ਚੱਲ ਉੱਥੇ ਆਰਾਮ ਕਰ ਲੈ। ਮੈਂ ਵੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਿੱਖ ਹਾਂ। ਦਿਖਾਈ ਕੁਝ ਨਹੀਂ ਦੇ ਰਿਹਾ ਸੀ, ਪੈਰਾਂ ਦਾ ਖੜਾਕ ਤੇ ਤੁਰਦਿਆਂ ਧੰਨ ਭਾਈ ਜੈਤਾ ਜੀ ਧੋਬੀ ਦੇਵਾ ਰਾਮ ਜੀ ਦੇ ਪਿੱਛੇ ਪਿੱਛੇ ਉਨ੍ਹਾਂ ਦੇ ਘਰ ਪਹੁੰਚੇ। ਧੋਬੀ ਦੇਵਾ ਰਾਮ ਜੀ ਨੇ ਕੱਪੜਿਆਂ ਦੀ ਪੰਡ ਨੂੰ ਇੱਕ ਪਾਸੇ ਰੱਖਿਆ, ਘਰਵਾਲੀ ਨੇ ਦੀਵੇ ਦੀ ਲੋਅ ਕੀਤੀ ਤੇ ਧੋਬੀ ਦੇਵਾ ਰਾਮ ਜੀ ਨੇ ਧੰਨ ਭਾਈ ਜੈਤਾ ਜੀ ਦੇ ਦਰਸ਼ਨ ਕੀਤੇ। ਬੇਨਤੀ ਕੀਤੀ, ਜੋ ਹੱਥ ਵਿੱਚ ਪਕੜਿਆ ਹੈ ਉਹ ਮੈਨੂੰ ਫੜਾ ਦਿਓ। ਕੀ ਇਹ ਕੋਈ ਖਜ਼ਾਨਾ ਹੈ? ਭਾਈ ਜੈਤਾ ਜੀ ਦੇ ਮੁੱਖ ਵਿੱਚੋਂ ਨਿਕਲਿਆ ਇਹ ਉਹ ਖਜ਼ਾਨਾ ਹੈ ਜਿਹੜਾ ਜਿੰਦ ਵਾਰ ਕੇ ਵੀ ਨਹੀਂ ਦਿੱਤਾ ਜਾ ਸਕਦਾ।

ਧੋਬੀ ਦੇਵਾ ਰਾਮ ਜੀ ਨੇ ਆਪਣੇ ਘਰ ਦੀ ਅਲਮਾਰੀ ਵਿੱਚੋਂ ਆਪਣੇ ਹੱਥ ਨਾਲ ਬਣਾਈ ਬਹੁਤ ਹੀ ਸੁੰਦਰ ਚਾਦਰ ਕੱਢੀ ਤੇ ਧੰਨ ਭਾਈ ਜੈਤਾ ਜੀ ਨੂੰ ਦਿੰਦਿਆਂ ਬੇਨਤੀ ਕੀਤੀ, ਆਪ ਜੀ ਸ੍ਰੀ ਅਨੰਦਪੁਰ ਸਾਹਿਬ ਜਾ ਰਹੇ ਹੋ, ਨੌਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਇਹ ਚਾਦਰ ਭੇਟ ਕਰਕੇ ਬੇਨਤੀ ਕਰਨੀ ਕਿ ਉਹ ਸਾਡੀ ਸੇਵਾ ਪ੍ਰਵਾਨ ਕਰਨ। ਧੰਨ ਭਾਈ ਜੈਤਾ ਜੀ ਧੋਬੀ ਦੇਵਾ ਰਾਮ ਜੀ ਦਾ ਪਿਆਰ ਦੇਖ ਕੇ ਵੈਰਾਗ ਵਿੱਚ ਆ ਗਏ ਤੇ ਅੰਦਰ ਕੀ ਚੱਲ ਰਿਹਾ ਸੀ, ਕਿੰਨੇ ਦਿਆਲੂ ਹਨ, ਕਿੰਨੇ ਕ੍ਰਿਪਾਲੂ ਹਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ, ਸ਼ਹੀਦੀ ਹੋ ਗਈ ਹੈ ਪਰ ਆਪਣੇ ਇੱਕ ਸੱਚੇ ਸਿੱਖ ਵੱਲੋਂ ਪਿਆਰ ਨਾਲ ਬਣਾਈ ਚਾਦਰ ਪ੍ਰਵਾਨ ਕਰਨ ਲਈ ਉਸ ਦੇ ਘਰ ਆਉਣ ਦੀ ਬਿੱਧ ਬਣਾ ਦਿੱਤੀ ਹੈ।

ਧੰਨ ਭਾਈ ਜੈਤਾ ਜੀ ਨੇ ਧੋਬੀ ਦੇਵਾ ਰਾਮ ਜੀ ਨੂੰ ਬੇਨਤੀ ਕੀਤੀ, ਜਿਨ੍ਹਾਂ ਦੇ ਚਰਨਾਂ ਵਿੱਚ ਚਾਦਰ ਭੇਂਟ ਕਰਨ ਲਈ ਕਹਿ ਰਹੇ ਹੋ, ਤੁਹਾਡੀ ਭੇਟਾ ਖੁਦ ਲੈਣ ਵਾਸਤੇ ਤੁਹਾਡੇ ਘਰ ਆਏ ਹਨ। ਧੋਬੀ ਦੇਵਾ ਰਾਮ ਜੀ ਦੀ ਹੈਰਾਨੀ ਦੀ ਹੱਦ ਨਾ ਰਹੀ। ਬੜੇ ਸਤਿਕਾਰ ਨਾਲ ਧੰਨ ਭਾਈ ਜੈਤਾ ਜੀ ਨੇ ਸੱਤ ਚਾਦਰਾਂ ਵਿੱਚ ਲਪੇਟੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪਾਵਨ ਸੀਸ ਤੋਂ ਇੱਕ-ਇੱਕ ਕਰਕੇ ਚਾਦਰ ਉਤਾਰਨੀ ਸ਼ੁਰੂ ਕੀਤੀ। ਜਦੋਂ ਸੱਤਵੀਂ ਚਾਦਰ ਸਤਿਗੁਰੂ ਜੀ ਦੇ ਸੀਸ ਤੋਂ ਉਤਾਰੀ ਤੇ ਧੋਬੀ ਦੇਵਾ ਰਾਮ ਜੀ ਦੀਆਂ ਭੁੱਬਾ ਨਿਕਲ ਗਈਆਂ। ਬੇਨਤੀ ਕੀਤੀ, ਇਹ ਕੀ? ਧੰਨ ਭਾਈ ਜੈਤਾ ਜੀ ਨੇ ਸਾਰਾ ਬਿਰਤਾਂਤ ਸੁਣਾਇਆ ਕਿ ਸ੍ਰਿਸ਼ਟੀ ਦੀ ਪੱਤ ਰੱਖਣ ਵਾਲੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਦਿੱਲੀ ਵਿਖੇ ਸ਼ਹੀਦੀ ਹੋ ਗਈ ਹੈ।

ਸਾਰੀ ਰਾਤ ਧੋਬੀ ਦੇਵਾ ਰਾਮ ਜੀ ਸਤਿਗੁਰੂ ਜੀ ਦੇ ਪਾਵਨ ਸੀਸ ਦੀ ਚਾਦਰ ਨਾਲ ਚਵਰ ਸਾਹਿਬ ਦੀ ਸੇਵਾ ਕਰਦੇ ਰਹੇ। ਜਿਹੜੀ ਚਾਦਰ ਧੋਬੀ ਦੇਵਾ ਰਾਮ ਜੀ ਨੇ ਭੇਟ ਕੀਤੀ ਸੀ, ਅਗਲੇ ਦਿਨ ਉਸ ਚਾਦਰ ਤੇ ਸਤਿਗੁਰੂ ਜੀ ਦਾ ਪਾਵਨ ਸੀਸ ਰੱਖਿਆ ਤੇ ਭਾਈ ਜੈਤਾ ਜੀ ਅਗਲੇ ਪੜਾਅ ਲਈ ਰਵਾਨਾ ਹੋ ਗਏ। ਹੁਣ ਇਸ ਅਸਥਾਨ ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ, ਤਰਾਵੜੀ ਸੁਭਾਇਮਾਨ ਹੈ। ਇਹ ਤਰਾਵੜੀ ਨਗਰ ਕਰਨਾਲ ਤੋਂ ਤਕਰੀਬਨ 17 ਕਿਲੋਮੀਟਰ ਤੇ ਹੈ।

## ਤੀਜਾ ਪੜਾਅ : ਮਹੁੱਲਾ ਕੈਂਥ ਮਾਜਰੀ, ਅੰਬਾਲਾ

ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦਾ ਪਾਵਨ ਸੀਸ ਲੈ ਕੇ ਧੰਨ ਭਾਈ ਜੈਤਾ ਜੀ ਤੀਜੇ

ਦਿਨ ਟਾਂਗਰੀ ਨਦੀ ਕੋਲ ਪਹੁੰਚੇ। ਇੱਥੇ ਜੰਡ ਦੇ ਦਰੱਖਤ ਹੇਠ ਕੁਝ ਸਮਾਂ ਢੋਅ ਲਗਾਈ। ਫਿਰ ਉੱਥੋਂ ਕਿਸੇ ਨੂੰ ਪੁੱਛਿਆ ਕਿ ਇੱਥੇ ਕੋਈ ਸਿੱਖਾਂ ਦਾ ਘਰ ਹੈ? ਉਹ ਕਹਿਣ ਲੱਗੇ, ਕੈਂਥ ਮਾਜਰੀ ਚਲਾ ਜਾ। ਸੂਰਜ ਢਲਦਿਆਂ ਧੰਨ ਭਾਈ ਜੈਤਾ ਜੀ ਕੈਂਥ ਮਾਜਰੀ ਪਹੁੰਚੇ। ਇੱਥੇ ਇੱਕ ਰਾਮਦਾਸੀਆ ਸਿੱਖ ਮਿਲਿਆ, ਨਾਂ ਸੀ, ਭਾਈ ਰਾਮ ਦੇਵ ਜੀ। ਬੇਨਤੀ ਕੀਤੀ, ਧੰਨ ਭਾਈ ਜੈਤਾ ਜੀ ਨੇ ਕਿ ਮੈਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਿੱਖ ਹਾਂ। ਭਾਈ ਰਾਮ ਦੇਵ ਜੀ ਦੇ ਬੇਨਤੀ ਕਰਨ ਤੇ ਧੰਨ ਭਾਈ ਜੈਤਾ ਜੀ ਨੇ ਸੱਚੇ ਪਾਤਸ਼ਾਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਤੀਸਰੀ ਵਾਰ ਲਪੇਟੀ ਹੋਈ ਚਾਦਰ 'ਚੋਂ ਖੋਲ੍ਹਿਆ। ਭਾਈ ਰਾਮ ਦੇਵ ਜੀ ਨੇ ਨਮਸਕਾਰ ਕੀਤੀ, ਸਾਰੀ ਰਾਤ ਵੈਰਾਗ ਵਿੱਚ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਸੀਸ ਦੀ ਸੇਵਾ ਕਰਦੇ ਰਹੇ। ਸਵੇਰ ਹੋਈ, ਧੰਨ ਭਾਈ ਜੈਤਾ ਜੀ ਨੇ ਭਾਈ ਰਾਮ ਦੇਵ ਜੀ ਤੋਂ ਆਗਿਆ ਲਈ ਤੇ ਅਗਲੇ ਪੜਾਅ ਲਈ ਰਵਾਨਾ ਹੋ ਗਏ। ਇਸ ਪਾਵਨ ਅਸਥਾਨ ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ, ਮੁਹੱਲਾ ਕੈਂਥ ਮਾਜਰੀ, ਅੰਬਾਲਾ ਵਿਖੇ ਸੁਭਾਇਮਾਨ ਹੈ।

**ਚੌਥਾ ਪੜਾਅ : ਪਿੰਡ ਨਾਭਾ ਸਾਹਿਬ, ਜ਼ੀਰਕਪੁਰ**

ਅੰਬਾਲੇ ਤੋਂ ਚੱਲ ਕੇ ਧੰਨ ਭਾਈ ਜੈਤਾ ਜੀ ਉਸ ਜਗ੍ਹਾ ਤੇ ਪਹੁੰਚ ਜਿੱਥੇ ਅੱਜ ਕਲ੍ਹ ਗੁਰਦੁਆਰਾ ਸ੍ਰੀ ਨਾਭਾ ਸਾਹਿਬ, ਜ਼ੀਰਕਪੁਰ (ਜ਼ੀਰਕਪੁਰ-ਪਟਿਆਲਾ ਸੜਕ) ਤੇ ਸੁਭਾਇਮਾਨ ਹੈ। ਇੱਥੇ ਇੱਕ ਮੁਸਲਮਾਨ ਸੂਫੀ ਦਰਵੇਸ਼ ਦਰਗਾਹੀ ਸ਼ਾਹ ਇੱਕ ਕੁਟੀਆ ਵਿੱਚ ਰਹਿੰਦੇ ਸਨ। ਇੱਥੇ ਇੱਕ ਬਹੁਤ ਵੱਡਾ ਜੰਗਲ ਸੀ ਤੇ ਸਾਰਾ ਇਲਾਕਾ ਮੁਸਲਮਾਨ ਵੀਰਾਂ ਦਾ ਸੀ। ਦਰਗਾਹੀ ਸ਼ਾਹ ਫਕੀਰ ਨੂੰ ਧੰਨ ਭਾਈ ਜੈਤਾ ਜੀ ਨੇ ਆਪਣੀ ਪਛਾਣ ਦੱਸੀ ਕਿ ਮੈਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦਾ ਸਿੱਖ ਹਾਂ ਤੇ ਦਰਗਾਹੀ ਸ਼ਾਹ ਫਕੀਰ ਧੰਨ ਭਾਈ ਜੈਤਾ ਜੀ ਨੂੰ ਬੇਨਤੀ ਕਰਨ ਲੱਗਾ, ਸ੍ਰੀ ਅਨੰਦਪੁਰ ਸਾਹਿਬ ਚੱਲੇ ਹੋ ਤਾਂ ਨੌਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕਰਨਾ ਕਿ ਮੇਰੀ ਉਮਰ 240 ਸਾਲ ਦੀ ਹੋ ਚੁੱਕੀ ਹੈ, ਸਰੀਰ ਬਹੁਤ ਬਿਰਧ ਹੋ ਚੁੱਕਾ ਹੈ ਤੇ ਆਪ ਜੀ ਕਿਰਪਾ ਕਰਕੇ ਆਪ ਹੀ ਆ ਕੇ ਦਰਸ਼ਨ ਦੇ ਜਾਣਾ। ਜਦੋਂ ਦਰਗਾਹੀ ਸ਼ਾਹ ਦਾ ਵੈਰਾਗ ਦੇਖਿਆ ਤਾਂ ਧੰਨ ਭਾਈ ਜੈਤਾ ਜੀ ਨੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਚੌਥੀ ਵਾਰ ਲਪੇਟੀ ਹੋਈ ਚਾਦਰ 'ਚੋਂ ਖੋਲ੍ਹਿਆ। ਦਰਗਾਹੀ ਸ਼ਾਹ ਫਕੀਰ ਨੇ ਦਰਸ਼ਨ ਕੀਤੇ, ਭੁੱਬਾਂ ਨਿਕਲ ਗਈਆਂ। ਬੇਨਤੀ ਕੀਤੀ, ਸਾਰੀ ਰਾਤ ਪਾਵਨ ਸੀਸ ਦੀ ਸੇਵਾ ਮੈਨੂੰ ਬਖਸ਼ਿਸ਼ ਕਰੋ।

ਦਰਗਾਹੀ ਸ਼ਾਹ ਫਕੀਰ ਨੇ ਧੰਨ ਭਾਈ ਜੈਤਾ ਜੀ ਨੂੰ ਇਸ਼ਨਾਨ ਕਰਵਾਇਆ, ਪਰਸ਼ਾਦਾ ਛਕਾਇਆ। ਮਿੱਟੀ ਦਾ ਇੱਕ ਉੱਚਾ ਥੜ੍ਹਾ ਤਿਆਰ ਕੀਤਾ, ਉਸ ਥੜ੍ਹੇ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਬਿਰਾਜਮਾਨ ਕੀਤਾ ਤੇ ਆਪ ਸਾਰੀ ਰਾਤ ਸੇਵਾ ਕਰਦੇ ਰਹੇ।

ਅੰਮ੍ਰਿਤ ਵੇਲੇ ਜਦੋਂ ਭਾਈ ਜੈਤਾ ਜੀ ਚਾਲੇ ਪਾਉਣ ਲੱਗੇ, ਪੀਰ ਦੇ ਨੈਣ ਭਰ ਆਏ, ਬੇਨਤੀ ਕੀਤੀ, ਸ੍ਰੀ ਅਨੰਦਪੁਰ ਸਾਹਿਬ ਜਾ ਕੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਬੇਨਤੀ ਕਰਨੀ ਕਿ ਆਯੂ 240 ਸਾਲ ਦੀ ਹੋ ਚੁੱਕੀ ਹੈ, ਸਰੀਰ ਬਿਰਧ ਹੋ ਚੁੱਕਾ ਹੈ, ਇੱਕ ਵਾਰੀ ਆਪ ਆ ਕੇ ਦਰਸ਼ਨ ਦੇ ਜਾਣਾ। ਨਾਲ ਇਹ ਵੀ ਬੇਨਤੀ ਕੀਤੀ ਕਿ ਮੈਂ ਉਦੋਂ ਤੱਕ ਪ੍ਰਾਣ ਨਹੀਂ ਤਿਆਗਣੇ, ਜਦ ਤੱਕ ਆਪ ਜੀ ਦੇ ਦਰਸ਼ਨ ਨਾ ਹੋ ਜਾਣ।

ਗੁਰੂ ਕਲਗੀਧਰ ਪਿਤਾ ਜੀ ਭੰਗਾਣੀ ਦੇ ਯੁੱਧ ਤੋਂ ਬਾਅਦ ਸ੍ਰੀ ਪਾਉਂਟਾ ਸਾਹਿਬ ਤੋਂ ਵਾਪਸ ਸ੍ਰੀ ਅਨੰਦਪੁਰ ਸਾਹਿਬ ਮੁੜਦੇ ਹੋਏ ਨਾਡਾ ਸਾਹਿਬ ਅਤੇ ਲੋਹਗੜ੍ਹ ਤੋਂ ਹੁੰਦੇ ਹੋਏ ਇਸ ਅਸਥਾਨ ਤੇ ਪਹੁੰਚੇ ਤੇ ਪੀਰ ਦਰਗਾਹੀ ਸ਼ਾਹ ਨੂੰ ਦਰਸ਼ਨ ਦੇ ਕੇ ਨਿਹਾਲ

ਕੀਤਾ। ਬਚਨ ਕੀਤਾ, ਅੱਜ ਤੋਂ 40ਵੇਂ ਦਿਨ ਇਸ ਧਰਤੀ ਤੋਂ ਵਿਦਾ ਹੋਵੋਗੇ ਤੇ ਸੱਚਖੰਡ ਨਿਵਾਸ ਕਰੋਗੇ। ਅੱਜ ਕਲ੍ਹ ਇਸ ਅਸਥਾਨ ਤੇ ਗੁਰਦੁਆਰਾ ਸ੍ਰੀ ਨਾਭਾ ਸਾਹਿਬ, ਪਾ: ੯ ਅਤੇ ੧੦ ਜ਼ੀਰਕਪੁਰ ਸੁਭਾਇਮਾਨ ਹੈ।

**ਪੰਜਵਾਂ ਪੜਾਅ : ਗੁ: ਸ੍ਰੀ ਬਿਬਾਨਗੜ੍ਹ ਸਾਹਿਬ (ਸ੍ਰੀ ਕੀਰਤਪੁਰ ਸਾਹਿਬ)**

ਜ਼ੀਰਕਪੁਰ ਵਿਖੇ ਪੀਰ ਦਰਗਾਹੀ ਸ਼ਾਹ ਤੋਂ ਵਿਦਾ ਲੈ ਕੇ ਧੰਨ ਭਾਈ ਜੈਤਾ ਜੀ ਨੇ ਨੌਵੇਂ ਪਾਤਸ਼ਾਹ ਜੀ ਦਾ ਪਾਵਨ ਸੀਸ ਲੈ ਕੇ ਸ੍ਰੀ ਕੀਰਤਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਸ੍ਰੀ ਕੀਰਤਪੁਰ ਸਾਹਿਬ ਪਹੁੰਚ ਕੇ ਧੰਨ ਭਾਈ ਜੈਤਾ ਜੀ ਨੇ ਇੱਕ ਸਿੱਖ ਰਾਂਹੀ ਸ੍ਰੀ ਅਨੰਦਪੁਰ ਸਾਹਿਬ ਸੁਨੇਹਾ ਭੇਜਿਆ ਕਿ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸੁਨੇਹਾ ਦੇਣਾ ਕਿ (ਭਾਈ) ਜੈਤਾ ਆ ਗਿਆ ਹੈ, ਪਿਤਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਾਵਨ ਸੀਸ ਲੈ ਕੇ। ਸਿੱਖ ਸ੍ਰੀ ਅਨੰਦਪੁਰ ਸਾਹਿਬ ਪੁੱਜਾ। ਧੰਨ ਮਾਤਾ ਨਾਨਕੀ ਜੀ ਨੇ ਪੁੱਛਿਆ, ਕੌਣ ਹੈ ਤੇ ਬੜੇ ਵੈਰਾਗ ਵਿੱਚ ਸਿੱਖ ਨੇ ਕਿਹਾ ਭਾਈ ਜੈਤਾ ਜੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਾਵਨ ਸੀਸ ਲੈ ਕੇ ਦਿੱਲੀ ਤੋਂ ਸ੍ਰੀ ਕੀਰਤਪੁਰ ਸਾਹਿਬ ਪਹੁੰਚ ਚੁੱਕੇ ਹਨ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਧੰਨ ਮਾਤਾ ਨਾਨਕੀ ਜੀ, ਧੰਨ ਮਾਤਾ ਗੁਜਰੀ ਜੀ, ਧੰਨ ਮਾਮਾ ਕ੍ਰਿਪਾਲ ਚੰਦ ਜੀ ਅਤੇ ਹੋਰ ਬੇਅੰਤ ਸੰਗਤਾਂ ਨੂੰ ਨਾਲ ਲਿਆ, ਪਾਲਕੀ ਸਜਾਈ ਤੇ ਸ੍ਰੀ ਕੀਰਤਪੁਰ ਸਾਹਿਬ ਵੱਲ ਬਾਣੀ ਪੜ੍ਹਦਿਆਂ ਰਵਾਨਾ ਹੋ ਗਏ। ਦੂਰੋਂ ਦੇਖਿਆ ਤੇ ਧੰਨ ਭਾਈ ਜੈਤਾ ਜੀ ਖੜ੍ਹੇ ਹੋ ਗਏ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਉੱਚੀ ਜਗ੍ਹਾ ਤੇ ਬਿਰਾਜਮਾਨ ਕਰਵਾ ਕੇ, ਧੰਨ ਭਾਈ ਜੈਤਾ ਜੀ ਆਪ ਪਿੱਛੇ ਹੱਟ ਗਏ, ਨੀਵੀਂ ਪਾ ਲਈ। ਧੰਨ ਮਾਤਾ ਨਾਨਕੀ ਜੀ ਨੇ ਦਰਸ਼ਨ ਕੀਤੇ। ਆਪਣੇ ਪੁੱਤਰ ਦੇ ਪਿਆਰੇ ਸੀਸ ਨੂੰ ਪਿਆਰ ਦਿੱਤਾ ਤੇ ਮੁਸਕਰਾ ਕੇ ਬਚਨ ਕੀਤਾ, ਮੇਰੇ ਲਾਲ ਦੇ ਚਿਹਰੇ 'ਤੇ ਅੱਜ ਵੀ ਉਸੇ ਤਰ੍ਹਾਂ ਲਾਲੀ ਭੱਖ ਰਹੀ ਹੈ। ਧੰਨ ਮਾਤਾ ਗੁਜਰੀ ਜੀ ਨੇ ਦਰਸ਼ਨ ਕੀਤੇ, ਮੱਥਾ ਟੇਕਿਆ ਤੇ ਮੁੱਖ ਤੋਂ ਬਚਨ ਨਿਕਲਦਿਆਂ ਅਰਦਾਸ ਕੀਤੀ, ਆਪ ਜੀ ਦੀ ਨਿਭ ਗਈ ਹੈ, ਮੇਰੀ ਨਿਭਾ ਲੈਣਾ। ਕਿੰਨਾ ਜਿਗਰਾ, ਧੰਨ ਮਾਤਾ ਨਾਨਕੀ ਜੀ ਅਤੇ ਧੰਨ ਮਾਤਾ ਗੁਜਰੀ ਜੀ ਦਾ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਪਿਤਾ ਜੀ ਦੇ ਪਾਵਨ ਸੀਸ ਨੂੰ ਨਮਸਕਾਰ ਕੀਤੀ ਤੇ ਅਵਾਜ਼ ਦੇ ਕੇ ਕਿਹਾ, ਭਾਈ ਜੈਤਾ ਜੀ ਸਾਹਮਣੇ ਆਓ। ਭਾਈ ਜੈਤਾ ਜੀ ਸਾਹਮਣੇ ਆਏ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਘੁੱਟ ਕੇ ਗਲ ਨਾਲ ਲਗਾ ਲਿਆ। ਮੁੱਖ 'ਚੋਂ ਬਚਨ ਨਿਕਲੇ, ਰੰਘਰੇਟੇ ਗੁਰੂ ਕੇ ਬੇਟੇ। ਐ ਭਾਈ ਜੈਤਾ, ਤੂੰ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਸਾਂਭਣ ਲਈ ਇੱਕ ਪੁੱਤਰ ਦਾ ਰੋਲ ਅਦਾ ਕੀਤਾ ਹੈ। ਧੰਨ ਭਾਈ ਜੈਤਾ ਜੀ ਨੇ ਬੇਨਤੀ ਕੀਤੀ, ਪਾਤਸ਼ਾਹ ਜੀ! ਕਿਰਪਾ ਕਰਨੀ ਸਿੱਖੀ ਦੀ ਦਾਤ ਝੋਲੀ ਵਿੱਚ ਪਾਉਣੀ ਤੇ ਨਾਲ ਇਹ ਵੀ ਬੇਨਤੀ ਕੀਤੀ ਜਿਸ ਦਿਨ ਸ਼ਹਾਦਤ ਦਾ ਜਾਮ ਪੀਵਾਂ, ਤੇਰੇ ਨੇਤਰ ਮੇਰੇ ਤਨ ਨੂੰ ਦੇਖਦੇ ਹੋਣ। ਇੱਥੋਂ ਵੀ ਸਾਰੀਆਂ ਸੰਗਤਾਂ ਸਮੇਤ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰੂ ਪਿਤਾ ਜੀ ਦਾ ਪਾਵਨ ਸੀਸ ਪਾਲਕੀ ਵਿੱਚ ਸਜਾ ਕੇ ਸ਼ਬਦ ਪੜ੍ਹਦਿਆਂ ਸ੍ਰੀ ਅਨੰਦਪੁਰ ਸਾਹਿਬ ਵੱਲ ਰਵਾਨਾ ਹੋਣਾ ਕੀਤਾ। ਇੱਥੇ ਅੱਜ ਕਲ੍ਹ ਸ੍ਰੀ ਕੀਰਤਪੁਰ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ।

**ਛੇਵਾਂ ਪੜਾਅ : ਸ੍ਰੀ ਅਨੰਦਪੁਰ ਸਾਹਿਬ**

ਗੁਰਦੁਆਰਾ ਸ੍ਰੀ ਬਿਬਾਨਗੜ੍ਹ ਸਾਹਿਬ (ਗੁਰਦੁਆਰਾ ਸ੍ਰੀ ਕੀਰਤਪੁਰ ਸਾਹਿਬ) ਤੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ

ਸਤਿਕਾਰਯੋਗ ਦਾਦੀ ਜੀ ਧੰਨ ਮਾਤਾ ਨਾਨਕੀ ਜੀ, ਸਤਿਕਾਰਯੋਗ ਮਾਤਾ ਜੀ ਧੰਨ ਮਾਤਾ ਗੁਜਰੀ ਜੀ, ਮਾਮਾ ਕਿਰਪਾਲ ਚੰਦ ਜੀ, ਧੰਨ ਭਾਈ ਜੈਤਾ ਜੀ ਅਤੇ ਹੋਰ ਸਾਰੀਆਂ ਸਿੱਖ ਸੰਗਤਾਂ ਵੈਰਾਗਮਈ ਸ਼ਬਦ ਪੜ੍ਹਦਿਆਂ ਪਾਲਕੀ ਵਿੱਚ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਾਵਨ ਸੀਸ ਸੁਸ਼ੋਭਿਤ ਕਰਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪਾਵਨ ਸੀਸ ਦੇ ਇਸ਼ਨਾਨ ਵਾਸਤੇ ਗੁਲਾਬ ਦਾ ਜਲ ਲਿਆਂਦਾ ਗਿਆ। ਧੰਨ ਗੁਰੂ ਕਲਗੀਧਰ ਪਿਤਾ ਜੀ ਨੇ ਆਪਣੇ ਹੱਥੀਂ ਇਸ਼ਨਾਨ ਕਰਵਾਇਆ ਤੇ ਧੰਨ ਭਾਈ ਜੈਤਾ ਜੀ ਨੂੰ ਕਿਹਾ, ਅਖੀਰ ਵਾਲੀ ਸਸਕਾਰ ਦੀ ਮਰਿਆਦਾ ਆਪ ਜੀ ਨੇ ਨਾਲ ਨਿਭਾਉਣੀ ਹੈ। ਚਿੱਖਾ ਚਿਣੀ, ਆਪਣੇ ਹੱਥੀਂ ਲਾਂਬੂ ਲਗਾਇਆ ਤੇ ਨਾਲ ਬਚਨ ਕੀਤਾ, ਜਿਨ੍ਹਾਂ ਹੱਥਾਂ ਨੇ ਸੀਸ ਸਾਂਭ ਕੇ ਲਿਆਂਦਾ ਹੈ, ਇਨ੍ਹਾਂ ਹੱਥਾਂ ਵਿੱਚ ਖੜਗ ਫੜ੍ਹਾਈ ਜਾਵੇਗੀ ਤੇ ਲੱਖਾਂ ਵਿੱਚ ਖੜ੍ਹਾ ਹੋਇਆ ਵੀ ਪਤਾ ਲੱਗ ਜਾਵੇਗਾ ਕਿ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਿੱਖ ਖੜ੍ਹਾ ਹੈ। ਇਸ ਤਰ੍ਹਾਂ ਪਾਵਨ ਸੀਸ ਦਾ ਸਸਕਾਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀਤਾ। ਇਸ ਅਸਥਾਨ ਦੀ ਸਾਂਭ ਸੰਭਾਲ ਆਪ ਗੁਰੂ ਕਲਗੀਧਰ ਪਿਤਾ ਜੀ ਨੇ ਕੀਤੀ। ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ, ਉਦੋਂ ਗੁਰੂ ਕਲਗੀਧਰ ਪਿਤਾ ਜੀ ਨੇ ਇਸ ਅਸਥਾਨ ਦੀ ਸੇਵਾ ਭਾਈ ਗੁਰਬਖਸ਼ ਰਾਏ ਉਦਾਸੀ ਜੀ ਨੂੰ ਸੌਂਪੀ ਜਿਨ੍ਹਾਂ ਨੇ ਇਸ ਸੇਵਾ ਨੂੰ ਪੂਰੇ ਤਨ, ਮਨ ਨਾਲ ਅੰਤਲੇ ਸਵਾਸਾਂ ਤੱਕ ਨਿਭਾਇਆ। ਅੱਜ ਕਲ੍ਹ ਇੱਥੇ ਗੁਰਦੁਆਰਾ ਸੀਸ ਗੰਜ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਸੁਭਾਇਮਾਨ ਹੈ।

---

*ਪੰਨਾ 11 ਦਾ ਬਾਕੀ ਹਿੱਸਾ—*

ਇਹ ਮਾਣ ਕਰਿਆ ਕਰੋ। ਇਨ੍ਹਾਂ ਪੰਕਤੀਆਂ ਨੂੰ ਸਮਝੋ:

***ਸੁਣੀ ਅਰਦਾਸਿ ਸੁਆਮੀ ਮੇਰੈ***
***ਸਰਬ ਕਲਾ ਬਣਿ ਆਈ ॥***
***ਪ੍ਰਗਟ ਭਈ ਸਗਲੇ ਜੁਗ ਅੰਤਰਿ***
***ਗੁਰ ਨਾਨਕ ਕੀ ਵਡਿਆਈ ॥੪॥੧੧॥***

*(ਅੰਗ ੬੧੧)*

ਜਿਸ ਦੇ ਤੁਸੀਂ ਚਰਨ ਪਕੜੇ ਹਨ, ਉਹ ਸਰਬ ਕਲਾ ਸਮਰੱਥ ਹਨ। ਇੱਕ ਹੁੰਦਾ ਹੈ ਕੁਝ ਕਲਾ ਤੇ ਜਿੱਥੇ ਸਰਬ ਕਲਾ ਆ ਜਾਣ ਉੱਥੇ ਬਾਕੀ ਸਭ ਕੁਝ ਚਰਨਾਂ ਵਿੱਚ ਡਿੱਗਦਾ ਹੈ। ਸਤਿਕਾਰ ਸਭ ਦਾ ਕਰੋ ਪਰ ਬਾਣੀ ਦਾ ਲੜ ਨਾ ਛੱਡੋ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਟੇਕ ਨਾ ਛੱਡੋ। ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਦਾ ਲੜ ਨਾ ਛੱਡੋ। ਗਰੀਬ ਨਿਵਾਜ, ਧੰਨ ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਦਾ ਲੜ ਨਹੀਂ ਛੱਡੋਗੇ ਤੇ ਇੱਕ ਗੁਰੂ ਵਲ ਹੋਵੇ ਫਿਰ ਲੱਖਾਂ ਬਾਹਵਾਂ ਵੀ ਤੁਹਾਡਾ ਕੁਝ ਨਹੀਂ ਵਿਗਾੜ ਸਕਦੀਆਂ। ਇੱਕ ਗੁਰੂ ਸਾਹਿਬ ਵਲ ਹੋਣ ਤੇ ਫਿਰ ਵੱਡੀਆਂ ਵੱਡੀਆਂ ਦਾਤਾਂ ਝੋਲੀ ਵਿੱਚ ਪਾ ਦਿੰਦੇ ਹਨ। ਇੱਕ ਗੁਰੂ ਵਲ ਹੋਵੇ ਤੇ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਇਹ 350 ਸਾਲਾ ਪਾਵਨ ਸ਼ਤਾਬਦੀ ਮਨਾ ਰਹੇ ਹਾਂ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ। ਸਾਡੀ ਗੁਰੂ ਸਾਹਿਬ ਤੇ ਸ਼ਰਧਾ ਕੈਸੀ ਹੋਵੇ? ਗੁਰੂ ਚਰਨਾਂ ਵਿੱਚ ਸਾਡਾ ਮਨ ਕੈਸਾ ਵਿਕਿਆ ਹੋਵੇ? ਇਹ ਅੰਦਰੋਂ ਪਿਆਰ ਨਾਲ ਪੜ੍ਹੋ, ਇਹੋ ਜਿਹਾ ਵਿਕਿਆ ਹੋਵੇ:

***ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥***

*(ਅੰਗ ੧੩੯੯)*

***

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਇਕਵਿੰਜਵਾਂ ਤੇ ਬਵਿੰਜਵਾਂ ਸਲੋਕ :***

***ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥***
***ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥***
***ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥***
***ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥***
***(ਅੰਗ ੧੪੨੯)***

ਚਿੰਤਾ ਉਸ ਗੱਲ ਦੀ ਕਰਨੀ ਚਾਹੀਦੀ ਹੈ ਜਿਹੜੀ ਅੱਗੇ ਕਦੀ ਨਾ ਹੋਈ ਹੋਵੇ। ਇਹ (ਜੰਮਣਾ ਤੇ ਮਰਨਾ) ਸੰਸਾਰ ਦਾ ਨਿਯਮ ਹੈ। ਇੱਥੇ ਸਰੀਰ ਕਰਕੇ ਕੋਈ ਪੱਕਾ ਟਿਕਣ ਵਾਲਾ ਨਹੀਂ ਹੈ। ਜੋ ਪੈਦਾ ਹੋਇਆ ਹੈ ਉਹ ਨਾਸ਼ ਹੋਵੇਗਾ। ਅੱਜ, ਕਲ੍ਹ ਜਾਂ ਪਰਸੋਂ ਹੇ ਭਾਈ! ਹਰੀ ਦੇ ਗੁਣ ਗਾਇਨ ਕਰ ਲੈ, ਹੋਰ ਸਾਰੇ ਜੰਜਾਲਾਂ ਨੂੰ ਛੱਡ ਦੇ।

ਬੰਦਾ ਦਿਨ ਰਾਤ ਆਪਣੇ ਸਰੀਰ ਦੀ ਸੰਭਾਲ ਵਾਸਤੇ ਯਤਨ ਕਰਦਾ ਹੈ ਕਿ ਮੈਨੂੰ ਕੋਈ ਮਾਰ ਨਾ ਦੇਵੇ ਪਰ ਡਰ ਤਾਂ ਉਸ ਚੀਜ਼ ਦਾ ਹੋਵੇ ਜੋ ਕਦੇ ਨਾ ਹੋਇਆ ਹੋਵੇ ਤੇ ਸਾਡੇ ਨਾਲ ਹੋ ਜਾਵੇ ਪਰ ਅਸੀਂ ਤਾਂ ਵੇਖਦੇ ਹਾਂ ਇੱਥੇ ਰੱਬ ਨਾਲ ਟੱਕਰ ਲੈਣ ਵਾਲੇ ਵੀ ਚਲੇ ਗਏ ਹਨ। ਜੇ ਤੇਰੇ ਵਾਸਤੇ ਮੌਤ ਹੀ ਡਰਾਉਣੀ ਚੀਜ਼ ਹੈ ਤਾਂ ਤੂੰ ਐਂਵੇ ਡਰੀ ਜਾਂਦਾ ਹੈ ਇਹ ਤਾਂ ਹਰ ਰੋਜ਼ ਕਿਤੇ ਨਾ ਕਿਤੇ ਵਾਪਰ ਰਹੀ ਹੈ ਤੇ ਵੱਡੇ ਵੱਡੇ ਅਖਵਾਉਣ ਵਾਲੇ ਸ਼ੇਖ ਸਭ ਆਪੋ ਆਪਣੀ ਵਾਰੀ ਤੁਰ ਗਏ।

***ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥੪੭॥***
***(ਅੰਗ ੧੩੮੦)***

ਇਸ ਲਈ ਚਿੰਤਾ ਕਰੋਗੇ ਤਾਂ ਭਟਕ ਜਾਵੋਗੇ ਪ੍ਰਭੂ ਦਾ ਚਿੰਤਨ ਕਰੋਗੇ ਤਾਂ ਡਰੇ ਹੋਏ ਮਨ ਨੂੰ ਹੌਂਸਲਾ ਮਿਲ ਜਾਵੇਗਾ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ, ਚਿੰਤਾ ਉਸ ਗੱਲ ਦੀ ਕਰ ਜਿਹੜੀ ਤੇਰੇ ਇਕੱਲੀ ਨਾਲ ਵਾਪਰੀ ਹੈ। ਕਿਸੇ ਹੋਰ ਨਾਲ ਨਹੀਂ ਇਹ ਤਾਂ ਹਰ ਇੱਕ ਨਾਲ ਵਾਪਰਨੀ ਹੈ। ਇਸ ਮਾਰਗ ਤੇ ਕੋਈ ਥਿਰ ਨਹੀਂ ਹੈ।

ਅਗਲੇ ਸਲੋਕ (੫੨ ਨੰਬਰ ਵਾਲੇ) ਵਿੱਚ ਸਤਿਗੁਰੂ ਜੀ ਆਖਦੇ ਹਨ ਜੋ ਪੈਦਾ ਹੋਇਆ ਹੈ ਉਹ ਇੱਕ ਦਿਨ ਜ਼ਰੂਰ ਬਿਨਸ ਜਾਣਾ ਹੈ। ਮੌਤ ਕੋਲੋਂ ਸਾਰੇ ਜੀਵ ਡਰਦੇ ਹਨ, ਕੀੜਾ-ਮਕੌੜਾ ਵੀ ਮਰਨਾ ਨਹੀਂ ਚਾਹੁੰਦਾ, ਪਸ਼ੂ-ਪੰਛੀ ਵੀ ਡਰਦਾ ਹੈ ਪਰ ਜਦੋਂ ਸਮਾਂ ਆਉਣਾ ਤੇ ਮਰਨਾ ਜ਼ਰੂਰ ਹੈ। ਰਾਵਣ ਤੇ ਹਰਨਾਖਸ਼ ਨੇ ਘੋਰ ਤਪੱਸਿਆ ਕਰਕੇ ਸ਼ਿਵ ਜੀ ਕੋਲੋਂ ਭਾਵੇਂ ਮੰਗ ਕੀਤੀ ਸੀ ਕਿ ਸਾਨੂੰ ਮੌਤ ਨਾ ਆਏ ਪਰ ਉਨ੍ਹਾਂ ਦੀ ਜ਼ਬਾਨ ਉੱਤੇ ਮਾਇਆ ਦਾ ਅਸਰ ਕਰਕੇ ਐਸਾ ਵਰ ਮੰਗਿਆ ਜਿਹੜਾ ਪੂਰੀ ਅਮਰ ਜ਼ਿੰਦਗੀ ਦਾ ਨਹੀਂ ਸੀ। ਉਹ ਵੀ ਕਾਲ ਹੱਥੋਂ ਮਾਰੇ ਗਏ।

ਇਹ ਜਵਾਨੀ, ਇਹ ਸਵਾਸ, ਇਹ ਸਰੀਰ ਸਭ ਪੁਰਾਣੇ ਹੋ ਜਾਣ ਵਾਲੇ ਹਨ। ਜਿਹੜਾ ਵੀ ਜੰਮਿਆ ਹੈ, ਉਸਨੇ ਇੱਕ ਦਿਨ ਮੌਤ ਦੇ ਵੱਸ ਆ ਜਾਣਾ ਹੈ। ਇਸ ਵਾਸਤੇ ਪਰਮਾਤਮਾ ਦਾ ਨਾਮ ਜਪੋ ਤੇ ਹਿਰਦੇ ਵਿੱਚ ਉਸ ਦਾ ਧਿਆਨ ਧਰੋ।

***ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ ॥***
***ਆਜੁ ਕਾਲਿ ਮਰਿ ਜਾਈਐ ਪ੍ਰਾਣੀ***
***ਹਰਿ ਜਪੁ ਜਪਿ ਰਿਦੈ ਧਿਆਈ ਹੇ ॥੫॥***

***(ਅੰਗ ੧੦੨੫)***

ਇੱਕ ਰਾਜੇ ਦਾ ਲੜਕਾ ਮਰ ਗਿਆ ਉਸਨੇ ਬੜਾ ਸੋਗ ਮਨਾਇਆ, ਸਾਰਾ ਦਿਨ ਰੋਂਦਾ ਹੀ ਰਿਹਾ ਕਰੇ, ਰਾਜ ਭਾਗ ਵੱਲ ਕੋਈ ਧਿਆਨ ਨਾ ਦੇਵੇ ਉਹ ਹਰ ਵਕਤ ਆਪਣੇ ਪੁੱਤਰ ਦੇ ਵਿਯੋਗ ਵਿੱਚ ਹੀ ਭਰਿਆ ਰਹੇ। ਇਸ ਗੱਲ ਦੀ ਚਰਚਾ ਸਾਰੇ ਰਾਜ ਵਿੱਚ ਫੈਲ ਗਈ।

ਇੱਕ ਦਿਨ ਰਾਜੇ ਦੇ ਪਾਸ ਇੱਕ ਮਾਈ ਰੋਂਦੀ ਆਈ ਤੇ ਰਾਜੇ ਨੂੰ ਆਖਣ ਲੱਗੀ ਕਿ ਰਾਜਾ ਸਾਹਿਬ ਮੇਰੇ ਨਾਲ ਨਿਆਂ ਕਰੋ। ਮੈਂ ਇੱਕ ਦਿਨ ਆਪਣੇ ਰਿਸ਼ਤੇਦਾਰੀ ਵਿੱਚ ਵਿਆਹ ਤੇ ਜਾਣਾ ਸੀ ਤੇ ਮੈਂ ਗੁਆਂਢਣ ਦਾ ਹਾਰ ਮੰਗ ਕੇ ਲੈ ਗਈ। ਜਦੋਂ ਮੈਂ ਵਿਆਹ ਤੋਂ ਵਾਪਸ ਆਈ ਤਾਂ ਗੁਆਂਢਣ ਹਾਰ ਮੰਗਣ ਆਈ, ਮੇਰਾ ਇਰਾਦਾ ਹਾਰ ਵਾਪਸ ਕਰਨ ਦਾ ਨਹੀਂ ਸੀ ਪਰ ਉਹ ਬਦੋ ਬਦੀ ਖੋਹ ਕੇ ਲੈ ਗਈ। ਰਾਜਾ ਸਾਹਿਬ ਮੇਰੇ ਨਾਲ ਇਨਸਾਫ ਕੀਤਾ ਜਾਵੇ।

ਮਾਈ ਦੀ ਗੱਲ ਸੁਣ ਕੇ ਰਾਜਾ ਕਹਿਣ ਲੱਗਾ, "ਐ ਮਾਈ ਇਸ ਵਿੱਚ ਇਨਸਾਫ ਕਰਨ ਦੀ ਕਿਹੜੀ ਗੱਲ ਹੈ। ਹਾਰ ਗੁਆਂਢਣ ਦੀ ਅਮਾਨਤ ਸੀ, ਉਹ ਲੈ ਗਈ, ਤੈਨੂੰ ਤਾਂ ਹਾਰ ਖੁਸ਼ੀ ਨਾਲ ਵਾਪਸ ਕਰਕੇ ਆਉਣਾ ਚਾਹੀਦਾ ਸੀ, ਤੇਰਾ ਰੋਣਾ ਗਲਤ ਹੈ।"

ਮਾਈ ਨੇ ਝੱਟਪਟ ਆਖਿਆ, "ਰਾਜਾ ਸਾਹਿਬ ਤੁਹਾਡਾ ਪੁੱਤਰ ਵੀ ਰੱਬ ਦੀ ਅਮਾਨਤ ਸੀ ਤੇ ਉਹ ਆਪਣੀ ਅਮਾਨਤ ਲੈ ਗਿਆ, ਤੁਹਾਡਾ ਰੋਣਾ ਵੀ ਗਲਤ ਹੈ।" ਰਾਜੇ ਨੂੰ ਮਾਈ ਦੀ ਗੱਲ ਸੁਣ ਕੇ ਗਿਆਨ ਹੋਇਆ ਕਿ ਸੱਚਮੁਚ ਹੀ ਇਹ ਸਭ ਕੁਝ ਰੱਬ ਦੀ ਅਮਾਨਤ ਹੈ। ਇਸ ਸਮੇਂ ਮੇਰਾ ਰੋਣਾ ਬੇਸਮਝੀ ਹੈ।

***ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥***
***ਪ੍ਰਭ ਕੀ ਆਗਿਆ ਮਾਨੈ ਮਾਥੈ ॥***

***(ਅੰਗ ੨੬੮)***

ਇਸ ਲਈ ਜੋ ਪੈਦਾ ਹੋਇਆ ਉਸ ਨੇ ਇੱਕ ਦਿਨ ਜ਼ਰੂਰ ਬਿਨਸ ਜਾਣਾ ਹੈ ਅਸੀਂ ਇੱਥੇ ਚਾਰ ਦਿਨ ਦੇ ਪ੍ਰਾਹੁਣੇ ਹਾਂ ਫਾਲਤੂ ਦੇ ਖਿਲਾਰੇ ਛੱਡ ਕੇ ਸਾਨੂੰ ਨਾਮ ਜਪਣਾ ਚਾਹੀਦਾ ਹੈ। ***—ਚਲਦਾ***

---

## ਅਨਮੋਲ ਬਚਨ

**ਨੌਵੇਂ ਪਾਤਸ਼ਾਹ ਜੀ ਦੇ ਮੁਖਾਰਬਿੰਦ 'ਚੋਂ ਆਪਣੇ ਗੁਰਸਿੱਖਾਂ ਅਤੇ ਸੰਗਤਾਂ ਲਈ**

ਨੌਵੇਂ ਪਾਤਸ਼ਾਹ ਜੀ ਨੇ ਭਾਈ ਘਨ੍ਹਈਆ ਜੀ ਨੂੰ ਜਦੋਂ ਦਰਗਾਹੀ ਦਾਤ ਦਿੱਤੀ ਤੇ ਬਚਨ ਕੀਤਾ: **ਨਿਮਰਤਾ ਦਾ ਪੱਲਾ ਨਾ ਛੱਡਣਾ ਦਾਤ ਟਿਕੀ ਰਹੇਗੀ, ਜਦੋਂ ਦਾਤ ਟਿਕੀ ਰਹੇ ਤਾਂ ਅੱਗੋਂ ਵੰਡਦੇ ਰਹਿਣਾ।**

ਸਾਦਾ ਜੀਵਨ ਉਹ ਹੈ ਜੋ ਕਿਸੇ ਨੂੰ ਦੁੱਖ ਨਹੀਂ ਦਿੰਦਾ, ਸਾਫ ਉਹ ਹੈ ਜੋ ਆਪ ਚੋਟ ਖਾ ਲੈਂਦਾ ਹੈ ਪਰ ਦੂਜੇ ਨੂੰ ਨਹੀਂ ਲਗਾਉਂਦਾ।

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਿੰਨੇ ਸੁਖਦਾਈ ਹਨ?

(ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ)

350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

*—ਬੀਬੀ ਹਰਵੀਨ ਕੌਰ (ਗਰੀਨ ਐਵੀਨਿਊ)*

***ਸੋ ਤੇਗ ਬਹਾਦੁਰ ਸਤਿ ਸਰੂਪਨਾ।***

*(ਭਾਈ ਨੰਦ ਲਾਲ ਜੀ)*

ਭਾਈ ਨੰਦ ਲਾਲ ਜੀ ਦੇ ਬਚਨ ਹਨ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ, ਆਪ ਜੀ ਪਰਮੇਸ਼ਰ ਦਾ ਰੂਪ ਹੋ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਅੱਗੇ ਵਿਕ ਜਾਓ।

***ਦਰਸਨੁ ਭੇਟਤ ਪਾਪ ਸਭਿ ਨਾਸਹਿ***
***ਹਰਿ ਸਿਉ ਦੇਇ ਮਿਲਾਈ ॥੧॥***
***ਮੇਰਾ ਗੁਰੁ ਪਰਮੇਸਰੁ ਸੁਖਦਾਈ ॥***
***ਪਾਰਬ੍ਰਹਮ ਕਾ ਨਾਮੁ ਦ੍ਰਿੜਾਏ***
***ਅੰਤੇ ਹੋਇ ਸਖਾਈ ॥੧॥ ਰਹਾਉ ॥***

*(ਅੰਗ ੬੧੫)*

ਹੋਰ ਤਸੱਲੀ ਕਿੱਥੋਂ ਲੈਣੀ ਹੈ? ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਪਰ੍ਹੇ ਕੁਝ ਵੀ ਨਹੀਂ। ਗੁਰਬਾਣੀ ਕਹਿ ਰਹੀ ਹੈ ਕਿ ਵੇਖੀਂ ਰੱਬ ਕਿਤੇ ਵੱਖਰਾ ਨਾ ਲੱਭੀਂ। ਤੇਰਾ ਗੁਰੂ ਹੀ ਪਰਮੇਸ਼ਰ ਹੈ। ਗੁਰੂ ਪਰਮੇਸ਼ਰ ਵੀ ਹੈ ਤੇ ਨਾਲ ਸੁਖਦਾਈ ਵੀ ਹੈ। ਕਦੀ ਗੁਰੂ ਨੂੰ ਅਰਾਧਣ ਵੇਲੇ, ਜਪੁ ਜੀ ਸਾਹਿਬ ਦਾ ਪਹਿਰਾ ਲਗਾਉਣ ਵੇਲੇ, ਸੁਖਮਨੀ ਸਾਹਿਬ ਦਾ ਪਹਿਰਾ ਲਗਾਉਣ ਵੇਲੇ, ਕਦੀ ਇਹ ਫੁਰਨਾ ਨਾ ਬਣੇ ਕਿ ਪਾਠ ਸ਼ੁਰੂ ਕੀਤਾ ਹੈ, ਦੁੱਖ ਵੱਧ ਗਿਆ ਹੈ। ਨਹੀਂ ਉਹ ਸੁਖਦਾਈ ਹਨ। ਦੁੱਖ ਕੱਟਣ ਵਾਲੇ ਹਨ। ਸੁੱਖ ਦੇਣ ਵਾਲੇ ਹਨ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਵਿੱਚੋਂ ਪਰਮੇਸ਼ਰ ਵੇਖਣਾ ਹੈ। ਦਾਸ ਬੇਨਤੀ ਕਰਦਾ ਹੈ ਕਿ ਇਹੋ ਜਿਹੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਇੰਝ ਮਨਾਈਏ ਕਿ ਧੰਨ ਭਾਈ ਮਤੀ ਦਾਸ ਜੀ, ਧੰਨ ਭਾਈ ਸਤੀ ਦਾਸ ਜੀ, ਧੰਨ ਭਾਈ ਦਿਆਲ ਦਾਸ ਜੀ ਵਰਗਾ ਪਿਆਰ ਦਾ ਕਿਣਕਾ ਕਿਤੇ ਸਾਡੀ ਝੋਲੀ ਵਿੱਚ ਵੀ ਪੈ ਜਾਵੇ। ਸਾਡੇ ਨੇਤਰਾਂ ਵਿੱਚ, ਸਾਡੀ ਰਸਨਾ ਵਿੱਚ, ਸਾਡੇ ਹਿਰਦੇ ਵਿੱਚ, ਸਾਡੀ ਸੁਰਤੀ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਸੇ ਹੋਣ। ਦੀਵਾਨੇ ਹੋ ਜਾਓ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ। ਦਸਵੇਂ ਪਾਤਸ਼ਾਹ ਜੀ ਦਾ ਬਚਨ ਹੈ ਕਿ ਗਰੀਬੀ ਕਦੇ ਰਹੇਗੀ ਹੀ ਨਹੀਂ।

***ਤੇਗ ਬਹਾਦਰ ਸਿਮਰਿਐ***
***ਘਰ ਨਉ ਨਿਧਿ ਆਵੈ ਧਾਇ ॥***
***ਸਭ ਥਾਈਂ ਹੋਇ ਸਹਾਇ ॥੧॥***

*(ਅਰਦਾਸ)*

ਇੰਨੀਆਂ ਨਉ ਨਿੱਧੀਆਂ ਆਉਣਗੀਆਂ ਕਿ ਗਿਣਨ ਦਾ ਸਮਾਂ ਹੀ ਨਹੀਂ ਮਿਲੇਗਾ। ਦੀਵਾਨੇ ਹੋ ਜਾਓ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਤੇ ਭਾਵਨਾ ਇਹ ਹੋਵੇ:

***ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥***
***ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥***

*(ਅੰਗ ੧੪੨੯)*

ਕਿਵੇਂ ਦਾਸ ਇਸ ਦਾ ਸਵਾਦ ਦੱਸੇ? ਜਪੁ ਜੀ

ਸਾਹਿਬ, ਸ੍ਰੀ ਸੁਖਮਨੀ ਸਾਹਿਬ, ਨਿਤਨੇਮ, ਸਿਮਰਨ ਅਭਿਆਸ ਇਸ ਦੇ ਬਿਨਾਂ ਰਹਿ ਹੀ ਨਾ ਸਕੇ। ਦਾਸ ਇੱਕ ਵਾਰੀ ਕਿਤੇ ਪ੍ਰੋਗਰਾਮ ਤੇ ਗਿਆ ਤੇ ਰਸਤੇ ਵਿੱਚ ਕਾਰ ਵਿੱਚ ਨਾਲ ਵੀਰ ਨੇ ਸ਼ਬਦ ਲਗਾ ਦਿੱਤਾ:

***ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥***
***ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥***

*(ਅੰਗ ੯੭)*

ਵੇਖੋ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿੰਨੀ ਬਾਣੀ ਹੈ, ਸਾਰੀ ਬਾਣੀ ਵਿੱਚੋਂ ਇਹ ਅਵਾਜ਼ ਹੀ ਆਉਂਦੀ ਹੈ। ਇਹ ਪ੍ਰੇਰਨਾ ਹੀ ਮਿਲਦੀ ਹੈ। ਸੰਭਾਲ, ਸੰਭਾਲ, ਆਪਣੇ ਸਵਾਸਾਂ ਨੂੰ ਸੰਭਾਲ। ਨਾਮ ਨੂੰ ਸੰਭਾਲ। ਥੋੜ੍ਹਾ ਬਹੁਤਾ ਘੰਟੇ ਦੋ ਘੰਟੇ ਦੁਨਿਆਵੀ ਰੁਝੇਵਿਆਂ ਵਿੱਚ ਫਸ ਵੀ ਜਾਓ ਤੇ ਅੰਦਰ ਕੁਝ ਹੋਣ ਲੱਗ ਪਵੇ। ਹੁਣ ਰੁਝੇਵਿਆਂ ਨੂੰ ਵਿਸ਼ਰਾਮ। ਹੁਣ ਜਪੁ ਜੀ ਸਾਹਿਬ ਦੇ ਪਾਠ ਦੀ ਹਾਜ਼ਰੀ ਲਗਾਉਣੀ ਹੈ। ਇਹੋ ਜਿਹਾ ਪਿਆਰ ਰੂਪੀ ਪ੍ਰੇਮ ਹੋ ਜਾਵੇ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਨਾਲ। ਸ਼ਬਦ ਲੱਗਾ ਸੀ :

***ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥***
***ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥***

*(ਅੰਗ ੯੭)*

ਜੇ ਨਾਮ ਚੱਲ ਰਿਹਾ ਹੈ, ਬੰਦਗੀ ਚੱਲ ਰਹੀ ਹੈ, ਫਿਰ ਗਰਮੀ ਵੀ ਸੁਹਾਵੀ ਲੱਗੇਗੀ, ਸਰਦੀ ਵੀ ਸੁਹਾਵੀ ਲੱਗੇਗੀ, ਭਾਦੋਂ ਵੀ ਸੁਹਾਵਾ ਲੱਗੇਗਾ, ਅੱਸੂ ਵੀ ਸੁਹਾਵਾ ਲੱਗੇਗਾ। ਜਿਹੜੇ ਕੰਮਾਂ ਵਿੱਚ ਤੇਰੀ ਸੇਵਾ ਆ ਗਈ, ਹਉਮੈ ਤੋਂ ਰਹਿਤ ਹੋ ਕੇ ਸੇਵਾ ਆ ਗਈ, ਉਹ ਸੁਹੇਲੀ ਹੈ। ਕੈਸੀ ਸਾਡੇ ਸਤਿਗੁਰੂ ਜੀ ਦੀ ਬਾਣੀ ਹੈ, ਨਾਮ ਤੋਂ ਬਿਨਾਂ ਕਿਤੇ ਹੋਰ ਜੋੜਿਆ ਹੀ ਨਹੀਂ। ਗੁਰੂ ਹੀ ਪਰਮੇਸ਼ਰ ਹੈ ਅਤੇ ਸੁੱਖਾਂ ਦਾ ਦਾਤਾ ਹੈ।

***ਮੇਰਾ ਗੁਰੁ ਪਰਮੇਸਰੁ ਸੁਖਦਾਈ ॥***
***ਪਾਰਬ੍ਰਹਮ ਕਾ ਨਾਮੁ ਦ੍ਰਿੜਾਏ***
***ਅੰਤੇ ਹੋਇ ਸਖਾਈ ॥੧॥ ਰਹਾਉ ॥***

*(ਅੰਗ ੬੧੫)*

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਇੰਨੇ ਸੁਖਦਾਈ ਹਨ ਕਿ ਨੀਵਿਆਂ ਨੂੰ ਉੱਚਾ ਕਰਨ ਵਿੱਚ ਮਾਇਆ ਵੀ ਦਿੰਦੇ ਹਨ। ਜਿੱਥੇ ਤੁੱਠ ਪੈਣ ਰੱਜ ਵੀ ਦੇ ਦਿੰਦੇ ਹਨ। ਮਾਇਆ ਵੱਡੀ ਨਹੀਂ, ਰੱਜ ਵੱਡਾ ਹੈ। ਗੁਰੂ ਦੇ ਲੜ ਲੱਗਣ ਦਾ ਇਹ ਲਾਭ ਹੈ। ਗੁਰੂ ਸਾਹਿਬ ਆਪਣੇ ਸਿੱਖ ਦੀ ਗਰੀਬੀ ਵੀ ਕੱਟਦੇ ਹਨ, ਅੰਦਰ ਦਾ ਰੱਜ ਵੀ ਦੇ ਦਿੰਦੇ ਹਨ, ਪਰਦੇ ਵੀ ਕੱਜਦੇ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨਾਲ ਯਾਰੀ ਪੈ ਜਾਵੇ, ਮੌਜ ਵਿੱਚ ਆ ਜਾਣ ਤਾਂ ਕਰਮਾਂ ਨੂੰ ਵੀ ਸਾਫ ਕਰ ਦਿੰਦੇ ਹਨ। ਮੌਜ ਵਿੱਚ ਆ ਜਾਣ ਸੂਲੀ ਦਾ ਕੰਡਾ ਬਣਾ ਦਿੰਦੇ ਹਨ। ਅਰਦਾਸ ਕਰਨਾ, ਸਾਡੀ ਵੀ ਉਸ ਗੁਰੂ ਨਾਲ ਅੰਦਰੋਂ ਸਾਂਝ ਪੈ ਜਾਵੇ। ਸਾਂਝ ਔਖੀ ਹੈ।

***ਆਖਾ ਜੀਵਾ ਵਿਸਰੈ ਮਰਿ ਜਾਉ ॥***

*(ਅੰਗ ੯)*

ਹਾਂ, ਇੱਕ ਦਿਨ ਆ ਜਾਂਦਾ ਹੈ ਕਿ ਸਾਂਝ ਪੈਂਦਿਆਂ ਪੈਂਦਿਆਂ ਔਖਾਪੰਨ ਖਤਮ ਹੋ ਜਾਂਦਾ ਹੈ।

***ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ ॥***

*(ਅੰਗ ੨੯੩)*

ਇਹ ਔਖਾਪੰਨ ਮਿੱਠਾ ਲੱਗਣ ਲੱਗ ਪਵੇ। ਦਾਸ ਦੀ ਵੀ ਅਰਦਾਸ ਕਰੋ ਤੇ ਆਪਣੀ ਵੀ ਕਰੋ ਕਿ ਸਾਡੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਚਰਨਾਂ ਨਾਲ ਸਾਂਝ ਪੈ ਜਾਵੇ।

ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਹਜ਼ਾਰਾਂ ਹੀ ਘਰ ਨਰਕ ਬਣੇ ਪਏ ਹਨ। ਅਸੀਂ ਜੀ ਕੁੜਮਾਂ ਦੇ ਘਰ ਗਏ ਸਾਡੀ ਤਾਂ ਸੇਵਾ ਹੀ ਨਹੀਂ ਹੋਈ। ਬਸ ਨਿੱਕੀ ਜਿਹੀ ਗੱਲ ਤੋਂ ਨਰਕ ਬਣ ਗਿਆ। ਮੇਰੇ

ਸਾਲੇ ਨੇ ਮੈਨੂੰ ਪੁੱਛਿਆ ਹੀ ਨਹੀਂ। ਮਿੰਟ ਵਿੱਚ ਨਰਕ ਬਣ ਗਿਆ। ਗੁਰੂ ਸਾਹਿਬ ਇਹੋ ਜਿਹੇ ਨੀਵਿਆਂ ਤੋਂ ਉੱਚਾ ਕਰਦੇ ਹਨ ਕਿ ਇਹੋ ਜਿਹੇ ਖਿਆਲ ਬਣਨਗੇ ਹੀ ਨਹੀਂ ਕਿ ਮੇਰੀ ਸੇਵਾ ਨਹੀਂ ਹੋਈ। ਇਹ ਖਿਆਲ ਬਣ ਜਾਣਗੇ ਕਿ ਮੈਂ ਕੁੜਮਾਂ ਦੇ ਘਰ ਗਿਆ ਹਾਂ, ਮੈਂ ਇਨ੍ਹਾਂ ਦੇ ਕੀ ਕੰਮ ਆ ਸਕਦਾ ਹਾਂ। ਪਾਸਾ ਹੀ ਅੰਦਰ ਦਾ ਪਲਟ ਜਾਂਦਾ ਹੈ। ਅਨੰਦ ਹੀ ਵੱਖਰਾ ਆਉਂਦਾ ਹੈ। ਕਿਧਰੇ ਤੇ ਇਨ੍ਹਾਂ ਖਿਆਲਾਂ ਵਿੱਚ ਬੰਦਾ ਡਿੱਗਾ ਹੁੰਦਾ ਹੈ ਕਿ ਮੇਰੀ ਸੇਵਾ ਨਹੀਂ ਹੋਈ। ਮੇਰਾ ਸਤਿਕਾਰ ਨਹੀਂ ਹੋਇਆ। ਤੇ ਕਿਧਰੇ ਅੰਦਰ ਦਾ ਸਾਰਾ ਕੰਮ ਹੀ ਉਲਟ ਹੋ ਜਾਂਦਾ ਹੈ ਕਿ ਮੈਂ ਇਸ ਦੇ ਕੰਮ ਕੀ ਆ ਸਕਦਾ ਹਾਂ। ਇਹੋ ਜਿਹੇ ਸਾਡੇ ਮਾਲਕ ਹਨ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਨਾਲ ਸਾਂਝ ਪੈ ਜਾਵੇ ਤਾਂ ਉੱਚਾ ਕਰ ਦਿੰਦੇ ਹਨ।

***ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥***

*(ਅੰਗ ੧੧੦੬)*

ਉਸ ਦਾ ਨੀਵਿਆਂ ਤੋਂ ਉੱਚਾ ਕਰਨਾ ਬਹੁਤ ਅਜੀਬ ਹੈ। ਕਈ ਵਾਰ ਇਹੋ ਜਿਹਾ ਨੀਵਿਆਂ ਤੋਂ ਉੱਚਾ ਕਰਦੇ ਹਨ ਕਿ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਹੀ ਰਸਨਾ ਤੇ ਬੈਠ ਜਾਂਦੇ ਹਨ। ਕਈ ਮਹਾਂਪੁਰਸ਼ਾਂ ਨੂੰ ਤੁਸੀਂ ਕਹਿੰਦੇ ਹੋ ਕਿ ਆਪਣੀ ਰਸਨਾ ਤੋਂ ਬਚਨ ਹੀ ਕਰ ਦਿਓ।

***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥***

*(ਅੰਗ ੨੬੩)*

ਚੁਪਹਿਰਿਆਂ ਤੇ ਕੀ ਵਰਤ ਰਿਹਾ ਹੈ। ਉਹ ਖੁਸ਼ੀਆਂ ਵਰਤ ਰਹੀਆਂ ਹਨ। ਹੁਣ ਗੁਰਦੁਆਰਾ ਟਾਹਲਾ ਸਾਹਿਬ ਵਿਖੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਜੁਦਾ ਹੋਇਆ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਰਕਰਮਾ ਵਿੱਚ ਅਸਥਾਨ ਬਣਿਆ ਹੈ, ਫਿਰ ਜਦੋਂ ਉੱਥੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਦਰਸ਼ਨ ਦਿੱਤੇ, ਕੋਈ ਫੁੱਲ ਚੜ੍ਹਾਉਂਦਾ ਹੈ, ਕੋਈ ਮਾਇਆ ਚੜ੍ਹਾਉਂਦਾ ਹੈ, ਕੋਈ ਸਿਹਰੇ ਚੜ੍ਹਾਉਂਦਾ ਹੈ। ਸਤਿਗੁਰੂ ਜੀ ਕਹਿਣ ਲੱਗੇ, ਦੀਪ ਸਿਆਂ, ਇੰਨਾ ਪਿਆਰ ਕੀਤਾ ਹੈ ਕਿ ਆਪਣਾ ਸੀਸ ਹੀ ਭੇਟ ਕਰ ਦਿੱਤਾ ਹੈ। ਬੱਸ ਫਿਰ ਕੀ ਗੁਰੂ ਸਾਹਿਬ ਗਲ ਨਾਲ ਲਾ ਕੇ ਉੱਚਾ ਕਰ ਦਿੰਦੇ ਹਨ, ਧੰਨ ਧੰਨ ਬਾਬਾ ਦੀਪ ਸਿੰਘ ਜੀ ਨੂੰ ਆਪਣਾ ਰੂਪ ਹੀ ਬਣਾ ਦਿੱਤਾ।

***ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ***
***ਨਿਮਾਣਿਆ ਮਾਣੁ ਦੇਵਾਏ ॥***
***ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ***
***ਤਿਉ ਨਾਨਕ ਸਾਧ ਜਨਾ***
***ਜਗਤੁ ਆਣਿ ਸਭੁ ਪੈਰੀ ਪਾਏ ॥੪॥੧॥੧੨॥***

*(ਅੰਗ ੭੩੫)*

ਬੱਸ ਸਾਂਝ ਪਾ ਲਵੋ। ਮੋਬਾਇਲ ਦੇ ਬਹੁਤੇ ਰੁਝੇਵੇਂ ਤੋੜਦੇ ਹਨ, ਨੀਂਦਰ ਤੋੜਦੀ ਹੈ। ਦੂਸਰੇ ਰੁਝੇਵੇਂ ਸਾਂਝ ਤੋੜਦੇ ਹਨ। ਸਾਂਝ ਨਾ ਘਟੇ। ਭਲਾਈ ਕੇਂਦਰ ਦਾ ਇੱਕ ਸਰੀਰ 15 ਪਾਠ ਜਪੁ ਜੀ ਸਾਹਿਬ ਦੇ ਰੋਜ਼ ਕਰਦਾ ਹੈ। ਉਸ ਨੂੰ ਦੋ-ਤਿੰਨ ਡਿਊਟੀਆਂ ਹੋਰ ਦਿੱਤੀਆਂ ਹਨ। ਮਹੀਨੇ ਬਾਅਦ ਕਹਿਣ ਲੱਗਾ, ਮੇਰੇ 5 ਪਾਠ ਰਹਿ ਗਏ ਹਨ। ਦਾਸ ਨੇ ਕਿਹਾ ਇਹ ਕਿਉਂ? ਕਹਿਣ ਲੱਗਾ, ਜਿਹੜੀਆਂ ਹੋਰ ਡਿਊਟੀਆਂ ਦਿੱਤੀਆਂ ਹਨ ਉਨ੍ਹਾਂ ਨੂੰ ਕਰਦੇ ਕਰਦੇ ਘੱਟ ਗਏ ਹਨ। ਦਾਸ ਨੇ ਬੇਨਤੀ ਕੀਤੀ, ਸਾਂਝ ਨਹੀਂ ਘਟਾਉਣੀ, ਧਿਆਨ ਰੱਖਿਆ ਕਰੋ। ਨਿਤਨੇਮ, ਸਿਮਰਨ, ਭਜਨ-ਬੰਦਗੀ ਦੀ ਸਾਂਝ ਨਾ ਘਟੇ।

***ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥***

*(ਅੰਗ ੪੩)*

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਸਮਰੱਥ ਹਨ, ਕਣ-ਕਣ ਵਿੱਚ ਵਸਦੇ ਹਨ। ਜਦੋਂ ਨੌਂਵੇਂ ਪਾਤਸ਼ਾਹ ਜੀ ਨੇ ਜਨਮ ਲਿਆ ਸੀ ਇਹ ਬਚਨ ਉਦੋਂ ਹੀ ਹੋ ਗਏ ਸਨ। ਛੇਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ

ਜੀ ਨੇ ਬਾਲ ਗੁਰੂ ਤੇਗ ਬਹਾਦਰ ਜੀ ਨੂੰ ਆਪਣੀ ਗੋਦ ਵਿੱਚ ਲਿਆ ਤੇ ਸੀਸ ਝੁਕਾ ਦਿੱਤਾ। ਬੜੇ ਸੂਝਵਾਨ ਸਿੱਖ, ਬਾਬਾ ਬਿੱਧੀ ਚੰਦ ਜੀ ਕੋਲ ਖੜ੍ਹੇ ਸਨ, ਕਹਿਣ ਲੱਗੇ, ਸਤਿਗੁਰੂ ਜੀ ਸੀਸ ਕਿਉਂ ਝੁਕਾਇਆ ਹੈ? ਆਪ ਜੀ ਦੇ ਗ੍ਰਹਿ ਹੋਰ ਵੀ ਸਪੁੱਤਰ ਆਏ ਹਨ ਪਰ ਇਨ੍ਹਾਂ ਨੂੰ ਸੀਸ ਝੁਕਾਇਆ ਹੈ। ਛੇਵੇਂ ਪਾਤਸ਼ਾਹ ਜੀ ਨੇ ਉਸ ਸਮੇਂ ਚਾਰ ਬਚਨ ਕੀਤੇ ਸਨ। ਪਹਿਲਾ- **ਮੇਰਾ ਇਹ ਪੁੱਤਰ ਗਰੀਬਾਂ ਦਾ ਰਕਸ਼ਕ ਹੋਵੇਗਾ।** ਦੂਜਾ- **ਇਹ ਬਾਲਕ ਪਰਹਿਤ ਲਈ ਸਭ ਕੁਝ ਵਾਰ ਦੇਵੇਗਾ। ਇਹ ਆਪਣੇ ਸਰੀਰ ਦੀ ਚਾਦਰ ਬਣਾ ਕੇ ਸਾਰੇ ਸੰਸਾਰ ਦੀ ਪੱਤ ਢੱਕੇਗਾ। ਇੰਨਾ ਸੁਖਦਾਈ ਹੋਵੇਗਾ।** ਤੀਜਾ ਬਚਨ- **ਜਿਵੇਂ ਸੂਰਜ ਚੜ੍ਹਦਾ ਹਨ੍ਹੇਰਾ ਦੂਰ ਹੋ ਜਾਂਦਾ। ਚਾਨਣ ਹੋ ਜਾਂਦਾ। ਜਿਹੜਾ ਧਰਤੀ ਤੇ ਘੋਰ ਅਨਿਆਂ ਦਾ ਹਨ੍ਹੇਰਾ ਹੋ ਜਾਂਦਾ ਇਹ ਬਾਲਕ ਸੂਰਜ ਵਾਂਗ ਅਨਿਆਂ ਦਾ ਹਨ੍ਹੇਰਾ ਦੂਰ ਕਰੇਗਾ।** ਚੌਥਾ ਬਚਨ ਪੜ੍ਹ ਕੇ ਦਾਸ ਵੀ ਹੈਰਾਨ ਰਹਿ ਗਿਆ। ਚੌਥਾ ਬਚਨ- **ਜਦੋਂ ਵੀ ਕਿਸੇ ਤੇ ਅਤਿ ਦੀ ਮੁਸੀਬਤ ਪਵੇਗੀ ਤਾਂ ਮੇਰਾ ਇਹ ਪੁੱਤਰ ਮੁਸੀਬਤਾਂ ਵਿੱਚ ਫਸਿਆਂ ਹੋਇਆਂ ਦੇ ਕੋਲ ਖੁਦ ਆਪ ਜਾ ਕੇ ਉਸ ਦੇ ਮੁਸੀਬਤਾਂ ਦੇ ਸਾਰੇ ਬੰਧਨ ਕੱਟ ਦੇਵੇਗਾ।**

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਪਾਵਨ ਸ਼ਹੀਦੀ ਦਿਹਾੜਾ ਇਸ ਤਰ੍ਹਾਂ ਮਨਾਓ ਕਿ ਭਾਈ ਫੱਗੂ ਜੀ ਵਰਗਾ ਪਿਆਰ ਹੋਵੇ। ਹੁਣ ਮਕਾਨ ਹੀ ਬਣਾਉਣਾ ਸੀ ਤੇ ਉਸਦਾ ਦਰਵਾਜ਼ਾ ਹੀ ਕਿੰਨਾ ਵੱਡਾ ਰੱਖਿਆ। ਆਮ ਘਰਾਂ ਦਾ ਦਰਵਾਜ਼ਾ ਸੱਤ-ਅੱਠ ਫੁੱਟ ਉੱਚਾ ਹੁੰਦਾ ਹੈ। ਉਹ ਕਹਿਣ ਲੱਗੇ 15 ਫੁੱਟ ਦਾ ਰੱਖਣਾ ਹੈ। ਮਿਸਤਰੀ ਕਹਿਣ ਲੱਗੇ, ਇੰਨਾ ਵੱਡਾ ਦਰਵਾਜ਼ਾ ਕਿਉਂ? ਭਾਈ ਫੱਗੂ ਜੀ ਕਹਿਣ ਲੱਗੇ, ਮੈਨੂੰ ਆਸ ਹੈ ਕਿ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਜਦੋਂ ਵੀ ਮੇਰੇ ਘਰ ਆਉਣ ਤਾਂ ਘੋੜੇ ਸਮੇਤ ਅੰਦਰ ਆ ਸਕਣ, ਉਨ੍ਹਾਂ ਨੂੰ ਘੋੜੇ ਤੋਂ ਥੱਲੇ ਨਾ ਉਤਰਨਾ ਪਵੇ। ਗੇਟ ਵੱਡਾ ਰੱਖਣਾ ਹੈ ਤੇ ਗੇਟ ਵੜਦਿਆਂ ਹੀ ਕਮਰਾ। ਕਮਰੇ ਦਾ ਮੁੱਖ ਵਿਹੜੇ ਵੱਲ। ਉਸਦੇ ਪਿੱਛੇ ਮੇਰੀ ਰਿਹਾਇਸ਼। ਦਾਸ ਨੇ ਥੋੜ੍ਹਾ ਜਿਹਾ ਨਕਸ਼ਾ ਹੀ ਦੱਸਿਆ ਹੈ। ਸੁਖਦਾਈ ਦਾਤੇ ਦੇ ਦੀਵਾਨੇ ਬਣ ਜਾਓ।

ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਬਚਨ ਕੀਤਾ ਮੇਰਾ ਇਹ ਪੁੱਤਰ ਸੁਖਦਾਈ ਹੋਵੇਗਾ, ਜਿੱਥੇ ਸਿੱਖ ਮੁਸ਼ਕਲ ਵਿੱਚ ਹੋਵੇਗਾ, ਉਸਨੂੰ ਮੁਸ਼ਕਲ ਵਿੱਚੋਂ ਕੱਢਣ ਲਈ ਆਪ ਜਾਵੇਗਾ। ਇਹ ਬੜੀ ਵੱਡੀ ਗੱਲ ਹੈ। ਦਾਸ ਨੂੰ ਕੋਈ ਕੰਮ ਹੋਵੇ ਤਾਂ ਆਮ ਤੌਰ ਤੇ ਅਸੀਂ ਬੰਦਾ ਹੀ ਭੇਜ ਦਿੰਦੇ ਹਾਂ, ਡਰਾਈਵਰ ਨੂੰ ਭੇਜ ਦਿੰਦੇ ਹਾਂ, ਆਪ ਬੰਦਾ ਘੱਟ ਹੀ ਜਾਂਦਾ ਹੈ। ਵੇਖ ਲਓ ਕੀ ਬਚਨ ਕੀਤਾ? ਮੇਰਾ ਇਹ ਪੁੱਤਰ ਆਪ ਚੱਲ ਕੇ ਜਾਵੇਗਾ, ਬੰਧਨ ਕੱਟਣ ਲਈ।

***ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।***
***ਪ੍ਰਭ ਜੀ ਤੂ ਮੇਰੋ ਸੁਖਦਾਤਾ॥***
***ਬੰਧਨ ਕਾਟਿ ਕਰੇ ਮਨੁ ਨਿਰਮਲੁ***
***ਪੂਰਨ ਪੁਰਖੁ ਬਿਧਾਤਾ॥ ਰਹਾਉ॥***

***(ਅੰਗ ੬੨੯)***

ਕੀਰਤਨ ਹੋ ਰਿਹਾ ਹੈ, ਸ੍ਰਿਸ਼ਟੀ ਦੇ ਮਾਲਕ 26-26 ਸਾਲ ਚੌਂਕੜੇ ਮਾਰਨ ਵਾਲੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਿਰਾਜਮਾਨ ਹਨ। ਕੀਰਤਨ ਕੌਣ ਕਰ ਰਿਹਾ ਹੈ? ਭਾਈ ਰਾਜ ਜੀ, ਭਾਈ ਮਕਸੂਦ ਜੀ, ਭਾਈ ਬਹਿਲ ਜੀ, ਭਾਈ ਹਰਬਖਸ਼ ਜੀ, ਭਾਈ ਗੁਲਾਬ ਜੀ। ਇਹ ਪੰਜ ਨਾਂ ਆਏ ਹਨ। ਚਲਦੇ ਕੀਰਤਨ ਵਿੱਚ ਇੱਕ ਕੋਹੜੀ ਆ ਗਿਆ। ਨੌਵੇਂ ਪਾਤਸ਼ਾਹ ਜੀ ਦੇ ਦਰਬਾਰ ਵਿੱਚ। ਰਿੜ੍ਹਦਾ ਰਿੜ੍ਹਦਾ ਆਇਆ। ਖਲੋਣਾ ਵੀ ਔਖਾ, ਚੱਲਣਾ ਵੀ ਔਖਾ। ਮੱਥਾ ਟੇਕ ਕੇ ਰੋਈ ਜਾਵੇ। ਸਤਿਗੁਰੂ ਜੀ ਨੇ ਇਸ਼ਾਰਾ ਕੀਤਾ। ਪੰਜ ਸਿੱਖ

ਕੀਰਤਨ ਕਰ ਰਹੇ ਸੀ। ਕੀਰਤਨ ਨੂੰ ਵਿਸ਼ਰਾਮ ਦਿੱਤਾ। ਕੀ ਗੱਲ? ਕਹਿਣ ਲੱਗਾ, ਕੋਹੜ ਦਾ ਪੱਕਾ ਰੋਗ ਹੈ। ਕੁਰਲਾ ਰਿਹਾ ਹਾਂ, ਇੰਨਾ ਕੁ ਦਰਦ ਹੈ। ਇੰਨਾ ਕੁ ਪਰੇਸ਼ਾਨ ਹਾਂ ਰੋਗ ਤੋਂ। ਵਾਹਿਗੁਰੂ ਮਿਹਰ ਕਰੇ, ਕਿਸੇ ਨੂੰ ਹਸਪਤਾਲ ਨਾ ਦਿਖਾਵੇ। ਜਿਸਨੇ ਵੇਖਿਆ ਹੁੰਦਾ ਹੈ, ਉਸਨੂੰ ਪਤਾ ਹੁੰਦਾ ਹੈ। ਉਦੋਂ ਸੋਚਦਾ ਹੈ, ਦੇਹ ਅਰੋਗਤਾ ਬੜੀ ਵੱਡੀ ਚੀਜ਼ ਹੈ।

ਪੁਰਬਲੇ ਕਰਮਾਂ ਤੋਂ ਬਿਨਾਂ ਦੇਹ ਅਰੋਗਤਾ ਵੀ ਨਹੀਂ ਮਿਲਦੀ। ਇਹੋ ਜਿਹਾ ਰੋਗ ਕੋਹੜ ਦਾ ਕਿ ਹਰ ਜ਼ਖਮ ਦਰਦ ਕਰ ਰਿਹਾ ਹੈ। ਬਹੁਤ ਕੁਰਲਾਇਆ। ਸਤਿਗੁਰੂ ਜੀ ! ਬਹੁਤ ਦੁਖੀ ਹਾਂ। ਕੋਹੜ ਦੇ ਦਰਦ ਤੋਂ ਚੈਨ ਆ ਜਾਵੇ, ਕਦੀ ਨਦੀ ਕੋਲ ਜਾਂਦਾ ਹਾਂ ਥੋੜ੍ਹਾ ਜਿਹਾ ਚੈਨ ਆਉਂਦਾ ਹੈ। ਕੋਹੜ ਦੇ ਦਰਦ ਤੋਂ ਚੈਨ ਆ ਜਾਵੇ, ਕਦੀ ਦਰੱਖਤ ਹੇਠ ਜਾਂਦਾ ਹਾਂ, ਕਦੀ ਛੱਪੜ ਦੇ ਕਿਨਾਰੇ ਜਾਂਦਾ ਹਾਂ, ਕਦੀ ਤੁਰ ਪੈਂਦਾ ਹਾਂ, ਕਦੀ ਖਲ੍ਹੋ ਜਾਂਦਾ ਹਾਂ, ਕਦੀ ਬੈਠ ਜਾਂਦਾ ਹਾਂ। ਮੇਰੇ ਨੇੜੇ ਆ ਕੇ ਕੋਈ ਰਾਜ਼ੀ ਨਹੀਂ। ਸੁਖਦਾਈ ਦਾਤਿਆ, ਰਹਿਮ ਕਰੋ।

***ਦੋਹਰਾ***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥੨॥***

***(ਸ੍ਰੀ ਚੌਪਈ ਸਾਹਿਬ)***

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਇਸ ਕੋਹੜੀ ਦੀ ਮਾੜੀ ਦਸ਼ਾ ਦੇਖ ਕੇ ਦਇਆ ਦੇ ਕੇ ਘਰ ਵਿੱਚ ਆ ਗਏ, ਰਹਿਮ ਦੇ ਘਰ ਵਿੱਚ ਆ ਗਏ। ਕੀਰਤਨੀਆਂ ਨੂੰ ਕਹਿੰਦੇ ਇਹ ਸ਼ਬਦ ਲਗਾਓ :

***ਹਰਿ ਕੋ ਨਾਮੁ ਸਦਾ ਸੁਖਦਾਈ ॥***
***ਜਾ ਕਉ ਸਿਮਰਿ ਅਜਾਮਲੁ ਉਧਰਿਓ***
***ਗਨਿਕਾ ਹੂ ਗਤਿ ਪਾਈ ॥੧॥ ਰਹਾਉ ॥***
***ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥***
***ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥੧॥***
***ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥***
***ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ ॥੨॥੧॥***

***(ਅੰਗ ੧੦੦੮)***

ਜਦੋਂ ਗੁਰੂ ਸਾਹਿਬ ਜੀ ਦੇ ਕੀਰਤਨੀਆਂ ਨੇ ਸ਼ਬਦ ਪੜ੍ਹਿਆ, ਉਹ ਕੋਹੜੀ ਜਿਹੜਾ ਦਰਦ ਨਾਲ ਕੁਰਲਾ ਰਿਹਾ ਸੀ, ਬੜਾ ਅਰਾਮ ਮਿਲਿਆ, ਦਰਦ ਭੁੱਲ ਗਿਆ। ਕਾਫੀ ਹੱਦ ਤੱਕ ਕਸ਼ਟ ਘੱਟ ਗਿਆ। ਨੌਂਵੇਂ ਪਾਤਸ਼ਾਹ ਜੀ ਆਖਣ ਲੱਗੇ ਕਿ ਕੀ ਤੂੰ ਨਾਮ ਜਪਦਾ ਹੁੰਦਾ ਹੈਂ? ਕਹਿਣ ਲੱਗਾ, ਨਹੀਂ। ਸਤਿਗੁਰੂ ਜੀ ਆਖਣ ਲੱਗੇ, ਨਾਮ ਕਿਉਂ ਨਹੀਂ ਜਪਦਾ? ਇਹ ਵੇਖ ਗੁਰੂ ਸਾਹਿਬ ਦੇ ਕੀਰਤਨੀਆਂ ਨੇ ਸ਼ਬਦ ਪੜ੍ਹਿਆ ਤਾਂ ਤੈਨੂੰ ਅਰਾਮ ਮਿਲਿਆ। ਨਾਮ ਨੇ ਹੀ ਦੁੱਖ ਕੱਟਣਾ ਹੈ, ਜਪਿਆ ਕਰ। ਰੱਜ ਰੱਜ ਕੇ ਜਪਿਆ ਕਰ। ਬਾਬਾ ਖੇਮ ਸਿੰਘ ਜੀ ਭੁੱਚੋ ਸਾਹਿਬ ਵਾਲੇ ਮਹਾਂਪੁਰਸ਼ ਧਾਰਨਾ ਪੜ੍ਹਾਉਂਦੇ ਹੁੰਦੇ ਸੀ:

***ਇਹ ਤਾਂ ਸਾਰਿਆਂ ਦੁਖਾਂ ਦਾ ਦਾਰੂ,***
***ਤੇਰਾ ਇੱਕ ਨਾਮ ਦਾਤਾ ਜੀ।***

ਸੰਤ ਅਤਰ ਸਿੰਘ ਜੀ ਜਵਾਨੀ ਵਿੱਚ ਸੀ। ਸਮਾਂ ਲਿਖਿਆ ਹੈ। ਇੱਕ ਦਿਨ ਦੀ ਗੱਲ ਹੈ ਕਿ ਇੱਕ ਗ੍ਰੰਥੀ ਸਿੰਘ ਦੇ ਕੋਲ ਬੈਠੇ ਸਨ। ਭਾਈ ਜੋਧ ਸਿੰਘ ਜੀ ਨਾਂ ਆਇਆ। ਮਨ ਵਿੱਚ ਆ ਗਿਆ, ਇਸਨੂੰ ਕੁਝ ਦੇਈਏ। ਕਹਿਣ ਲੱਗੇ, ਨਾਮ ਜਪਦਾ ਹੁੰਦਾ ਹੈਂ, ਕਹਿਣ ਲੱਗਾ, ਜੀ ਜਪਦਾ ਹਾਂ। ਸੰਤ ਅੱਤਰ ਸਿੰਘ ਜੀ ਕਹਿੰਦੇ, ਬੈਖਰੀ ਤੇ ਪਹੁੰਚਿਆ ਹੈਂ, ਪਸੰਤੀ ਤੇ ਪਹੁੰਚਿਆ ਹੈਂ, ਮੱਧਮਾ ਤੇ ਪਹੁੰਚਿਆ ਹੈਂ ਜਾਂ ਪਰ੍ਹਾ ਤੇ ਪਹੁੰਚਿਆ ਹੈਂ। ਧਿਆਨ ਦੇਣਾ। ਇਹ ਸਿਮਰਨ ਦੀਆਂ ਅਵਸਥਾਵਾਂ ਹਨ। ਬੈਖਰੀ ਹੁੰਦਾ ਹੈ, ਵਾਹਿਗੁਰੂ ਵਾਹਿਗੁਰੂ ਅਵਾਜ਼ ਵੀ ਆ ਰਹੀ ਹੈ, ਬੁੱਲ ਵੀ ਹਿਲ ਰਹੇ ਹਨ, ਜ਼ਬਾਨ ਵੀ ਹਿਲ ਰਹੀ ਹੈ। ਮੱਧਮਾ ਹੈ, ਨਾ ਜ਼ਬਾਨ ਹਿਲ ਰਹੀ ਹੈ ਤੇ ਨਾ ਹੀ ਅਵਾਜ਼ ਆ ਰਹੀ ਹੈ ਪਰ ਸਿਮਰਨ ਚੱਲ ਰਿਹਾ ਹੈ। ਬੈਖਰੀ ਵਿੱਚ ਇੱਕ ਵਾਰੀ ਵਾਹਿਗੁਰੂ ਕਹੋ, ਇੱਕ

ਵਾਰੀ ਕਹਿਣ ਦਾ ਮਹਾਤਮ ਹੈ। ਮੱਧਮਾ ਵਿੱਚ ਇੱਕ ਵਾਰੀ ਵਾਹਿਗੁਰੂ ਕਹਿਣ ਤੇ ਸੌ ਵਾਰੀ ਕਹਿਣ ਦਾ ਮਹਾਤਮ ਹੈ। ਇਸ ਤੋਂ ਅੱਗੇ ਪਸੰਤੀ ਅਵਸਥਾ ਹੈ। ਹਰ ਸਵਾਸ ਨਾਲ ਵਾਹਿਗੁਰੂ। ਸੰਤ ਅੱਤਰ ਸਿੰਘ ਜੀ ਨੇ ਤੁਰਨਾ ਸੱਜਾ ਪੈਰ ਅੱਗੇ ਜਾਣਾ ਤੇ ਵਾਹਿ ਅਤੇ ਖੱਬਾ ਪੈਰ ਅੱਗੇ ਜਾਣ ਤੇ ਗੁਰੂ। ਉਹ ਸੈਰ ਨਹੀਂ ਭਗਤੀ। ਜਦੋਂ ਪਸੰਤੀ ਤੇ ਬੰਦਾ ਪਹੁੰਚਦਾ ਹੈ, ਦੁਨਿਆਵੀ ਕੰਮ ਵੀ ਨਾਲ ਕਰੀ ਜਾਂਦਾ ਹੈ। ਫਿਰ ਆਟਾ ਗੁੰਨ੍ਹਣਾ ਵੀ ਭਗਤੀ ਬਣ ਜਾਂਦਾ ਹੈ। ਕੱਪੜੇ ਧੋਣੇ ਵੀ ਭਗਤੀ ਬਣ ਜਾਂਦਾ ਹੈ। ਨਾਮ ਵਿੱਚ ਮੇਰੀ ਅਰਦਾਸ ਵੀ ਕਰੋ, ਆਪਣੀ ਵੀ, ਅੱਗੇ ਵਧੀਏ। ਇਕੱਲਾ ਬੈਖਰੀ ਤੇ ਨਾ ਰਹਿ ਜਾਈਏ। ਚੌਥੀ ਪਰ੍ਹਾ ਹੈ, ਹਰ ਰੋਮ-ਰੋਮ ਵਾਹਿਗੁਰੂ। ਇਸ ਅਵਸਥਾ ਵਿੱਚ ਪੈਰ ਦੇ ਅੰਗੂਠੇ ਤੋਂ ਲੈ ਕੇ ਸੀਸ ਦੇ ਕੇਸਾਂ ਤੱਕ ਪ੍ਰਤੱਖ ਤੁਹਾਨੂੰ ਜਾਪੇਗਾ, ਹਰ ਰੋਮ ਹਾਜ਼ਰੀ ਲਗਾ ਰਿਹਾ ਹੈ। ਜਦੋਂ ਕੋਈ ਇੱਥੇ ਪਹੁੰਚ ਜਾਵੇ ਤਾਂ ਇੱਕ ਵਾਰੀ ਵਾਹਿਗੁਰੂ ਕਹਿਣ ਤੇ ਸੱਤ ਕਰੋੜ ਵਾਰੀ ਵਾਹਿਗੁਰੂ ਕਹਿਣ ਦੀ ਹਾਜ਼ਰੀ ਲੱਗ ਜਾਂਦੀ ਹੈ। ਪਰ੍ਹੇ ਦੀਆਂ ਵੱਖਰੀਆਂ-ਵੱਖਰੀਆਂ ਅਵਸਥਾ ਹਨ। ਰੋਮ ਰੋਮ ਤੋਂ ਬਾਅਦ ਦੀ ਅਵਸਥਾ ਕੀ ਹੈ? ਦੀਵਾਨ ਵਿੱਚ ਤੁਸੀਂ ਬੈਠੇ ਹੋ ਤੇ ਜੇ ਨਾਮ ਦ੍ਰਿੜ੍ਹ ਹੋਵੇਗਾ, ਰੋਮ ਰੋਮ ਤੋਂ ਬਾਅਦ ਦੀ ਅਵਸਥਾ ਹੈ:

***ਹਰਿ ਮਨਿ ਤਨਿ ਵਸਿਆ ਸੋਈ ॥***
***ਜੈ ਜੈ ਕਾਰੁ ਕਰੇ ਸਭੁ ਕੋਈ ॥***

*(ਅੰਗ ੬੨੯)*

ਰੋਮ ਰੋਮ ਤੋਂ ਬਾਅਦ ਦੀ ਅਵਸਥਾ ਹੈ। ਮੇਰਾ ਸਿਰਫ ਜਾਪ ਨਹੀਂ ਚੱਲ ਰਿਹਾ। ਜਿੰਨੀ ਸੰਗਤ ਬੈਠੀ ਹੈ, ਸਾਰਿਆਂ ਦਾ ਹੀ ਜਾਪ ਚੱਲ ਰਿਹਾ ਹੈ। ਇਸ ਦਾ ਮਹਾਤਮ ਹੋਰ ਵੱਧ ਜਾਂਦਾ ਹੈ। ਇਹ ਇਤਿਹਾਸ ਹੈ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਬਦ ਲਗਵਾਇਆ ਤੇ ਉਸ ਦਾ ਬਹੁਤ ਜ਼ਿਆਦਾ ਰੋਗ ਮੱਧਮ ਪੈ ਗਿਆ। ਦੂਜਾ ਲਿਖਿਆ ਹੈ, ਨੌਵੇਂ ਪਾਤਸ਼ਾਹ ਜੀ ਨੇ ਸ਼ਬਦ ਦੇ ਅਰਥ ਸਰਵਣ ਕਰਵਾਏ, ਉਸ ਕੋਹੜੀ ਨੂੰ ਤੇ ਸੰਗਤਾਂ ਨੂੰ। ਜਦੋਂ ਸ਼ਬਦ ਦੇ ਅਰਥ ਸਰਵਣ ਕਰਵਾਏ ਤਾਂ ਉਸ ਕੋਹੜੀ ਨੂੰ ਹੋਰ ਜ਼ਿਆਦਾ ਚੈਨ ਮਿਲ ਗਿਆ। ਉਸ ਤੋਂ ਬਾਅਦ ਨੌਵੇਂ ਪਾਤਸ਼ਾਹ ਜੀ ਕਹਿੰਦੇ, ਗੁਰੂ ਦੀ ਸੰਗਤ ਵਿੱਚ ਤੈਨੂੰ ਨਾਮ ਦ੍ਰਿੜ੍ਹ ਕਰਵਾਉਂਦੇ ਹਾਂ ਤੇ ਕਦੀ ਇਸ ਦਾ ਲੜ ਨਾ ਛੱਡੀਂ। ਗੁਰੂ ਸਾਹਿਬ ਜੀ ਨੇ ਤਿੰਨ ਕੰਮ ਕੀਤੇ। ਕੀਰਤਨੀਆਂ ਤੋਂ ਸ਼ਬਦ ਲਗਵਾਇਆ, ਅਰਥ ਕੀਤੇ ਤੇ ਨਾਮ ਦ੍ਰਿੜ੍ਹ ਕਰਵਾਇਆ। ਕੋਈ ਗੱਲ ਗੁਰਬਾਣੀ ਤੋਂ ਬਾਹਰ ਨਹੀਂ ਹੋ ਰਹੀ। ਕਦੀ ਸਹਿਜ ਪਾਠ ਕਰੋ ਤਾਂ ਇਹ ਸ਼ਬਦ ਸਾਹਮਣੇ ਆਉਣਗੇ।

***ਬਿਘਨ ਬਿਨਾਸਨ ਸਭਿ ਦੁਖ ਨਾਸਨ***
***ਸਤਿਗੁਰਿ ਨਾਮੁ ਦ੍ਰਿੜਾਇਆ ॥***

*(ਅੰਗ ੬੨੨)*

ਜਦੋਂ ਸਤਿਗੁਰੂ ਜੀ ਨੇ ਨਾਮ ਦ੍ਰਿੜ੍ਹ ਕਰਵਾਇਆ, ਉਸ ਕੋਹੜੀ ਦਾ ਸਾਰਾ ਕੋਹੜ ਦਾ ਦਰਦ ਸ਼ਾਂਤ ਹੋ ਗਿਆ। ਹੁਣ ਜਿਹੜੀ ਅਗਲੀ ਗੱਲ ਹੈ, ਦਾਸ ਹੈਰਾਨ ਹੋ ਗਿਆ ਪੜ੍ਹ ਕੇ।

***ਮੇਰਾ ਗੁਰੁ ਪਰਮੇਸਰੁ ਸੁਖਦਾਈ ॥***
***ਪਾਰਬ੍ਰਹਮ ਕਾ ਨਾਮੁ ਦ੍ਰਿੜਾਏ ਅੰਤੇ ਹੋਇ ਸਖਾਈ ॥੧॥ ਰਹਾਉ ॥***

*(ਅੰਗ ੬੧੫)*

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਰਮੇਸ਼ਰ ਵੀ ਹਨ ਤੇ ਸੁਖਦਾਈ ਵੀ ਹਨ। ਇਹ ਗੱਲ ਦਾਸ ਦੀ ਸੋਚ ਤੋਂ ਬਾਹਰ ਹੈ। ਉਸ ਕੋਹੜੀ ਦਾ ਕੋਹੜ ਚਲਾ ਗਿਆ, ਦਰਦ ਚਲਾ ਗਿਆ, ਰਾਜ਼ੀ ਹੋ ਗਿਆ। ਕੁਰਲਾਹਟ ਖਤਮ ਹੋ ਗਈ। ਕੈਸੇ ਗੁਰਦੇਵ ਪਿਤਾ ਜੀ ਹਨ ਸਾਡੇ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਹੁਤ ਸਾਰਾ ਖਜ਼ਾਨਾ ਕੋਹੜੀ ਨੂੰ ਦਿੱਤਾ ਤੇ ਬਚਨ ਕੀਤਾ, ਅੱਜ ਰਾਜ਼ੀ ਹੋ ਗਿਆ ਹੈਂ। ਇਹ ਧਨ ਤੈਨੂੰ ਕਿਰਤ ਕਰਨ ਲਈ ਦਿੱਤਾ ਹੈ। ਬੜੀ ਵੱਡੀ ਗੱਲ ਹੈ। ਧਨ ਦਿੱਤਾ,

ਕਿਰਤ ਕਰਨੀ ਹੈ, ਉਸ ਨਾਲ ਰੋਟੀ ਖਾਣੀ ਹੈ। ਜ਼ਿੰਦਗੀ ਵਿੱਚ ਕਿਸੇ ਤੇ ਬੋਝ ਨਹੀਂ ਬਣਨਾ। ਇਹ ਬੜੀ ਛੋਟੀ ਗੱਲ ਹੈ ਕਿ ਸਾਨੂੰ ਕਿਸੇ ਨੇ ਪੁੱਛਿਆ ਨਹੀਂ, ਸਾਨੂੰ ਮਾਣ ਨਹੀਂ ਦਿੱਤਾ। ਦੀਵਾਲੀ ਆਈ ਹੈ, ਸਾਨੂੰ ਥੋੜ੍ਹੀ ਜਿਹੀ ਚੀਜ਼ ਭੇਜ ਦਿੱਤੀ ਹੈ ਜਾਂ ਕੁਝ ਆਇਆ ਹੀ ਨਹੀਂ। ਇਹ ਸਭ ਥੱਲੇ ਦੀਆਂ ਗੱਲਾਂ ਹਨ। ਆਪਣੀ ਜ਼ਿੰਦਗੀ ਵਿੱਚ ਇਹੋ ਜਿਹਾ ਸੁਭਾਅ ਰੱਖੋ ਕਿ ਮੈਂ ਕਿਸੇ ਦੇ ਕੀ ਕੰਮ ਆ ਸਕਦਾ ਹਾਂ। ਉਸ ਦੀ ਮਦਦ ਕਿਸ ਤਰੀਕੇ ਨਾਲ ਕਰ ਸਕਦਾ ਹਾ।

ਇੱਕ ਮੋਚੀ ਦੀ ਸਾਖੀ ਸਾਹਮਣੇ ਆ ਗਈ। ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਵਿਖੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਜ਼ਾਰ ਵਿੱਚੋਂ ਲੰਘ ਰਹੇ ਹਨ, ਇੱਕ ਵਾਰੀ ਲੰਘੇ, ਦੋ ਵਾਰੀ ਲੰਘੇ, ਤਿੰਨ ਵਾਰੀ ਲੰਘੇ ਜਦੋਂ ਨੌਵੇਂ ਪਾਤਸ਼ਾਹ ਜੀ ਬਜ਼ਾਰ ਵਿੱਚੋਂ ਲੰਘਦੇ ਹਨ ਤਾਂ ਇੱਕ ਮੋਚੀ ਮਹਾਰਾਜ ਜੀ ਦੇ ਚਰਨਾਂ ਵੱਲ ਵੇਖੇ। ਇਤਿਹਾਸ ਵਿੱਚ ਲਿਖਿਆ ਹੈ ਕਿ ਪੰਦਰਾਂ ਵੀਹ ਦਿਨਾਂ ਵਿੱਚ ਇੱਕ ਜੋੜਾ ਤਿਆਰ ਕੀਤਾ ਤੇ ਤਿੱਲੇ ਦੀ ਕਢਾਈ ਕੀਤੀ। ਹੁਣ ਜਦੋਂ ਜੋੜਾ ਤਿਆਰ ਹੋ ਗਿਆ ਤਾਂ ਸੋਚਦਾ ਹੈ ਕਿ ਮੈਂ ਛੋਟਾ ਬੰਦਾ ਹਾਂ, ਕਿਵੇਂ ਸਤਿਗੁਰੂ ਜੀ ਨੂੰ ਜੋੜਾ ਭੇਂਟ ਕਰਾਂ। ਵਿਚੋਲਾ ਪਾ ਲਿਆ, ਮਾਮਾ ਕਿਰਪਾਲ ਚੰਦ ਜੀ ਨੂੰ। ਮਾਤਾ ਗੁਜਰੀ ਜੀ ਦੇ ਭਰਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਜੀ। ਉਹ ਬੜੇ ਨਿਰਵੈਰ ਸਨ, ਸਾਰਾ ਆਇਆ ਗਿਆ ਸੰਭਾਲਦੇ ਸਨ। ਉਨ੍ਹਾਂ ਨੂੰ ਵਿਚੋਲਾ ਪਾ ਕੇ ਕਹਿਣ ਲੱਗਾ, ਮੈਨੂੰ ਪਰਮੇਸ਼ਰ ਨੇ ਗੁਣ ਦਿੱਤਾ ਹੈ, ਮੈਂ ਮੋਚੀ ਹਾਂ ਮੈਂ ਇੱਕ ਜੋੜਾ ਤਿਆਰ ਕੀਤਾ ਹੈ ਨੌਵੇਂ ਪਾਤਸ਼ਾਹ ਜੀ ਲਈ ਪਰ ਮੇਰੇ ਵਿੱਚ ਹਿੰਮਤ ਨਹੀਂ ਸਤਿਗੁਰੂ ਜੀ ਤੱਕ ਪਹੁੰਚਾਉਣ ਦੀ। ਅੱਗੋਂ ਮਾਮਾ ਕਿਰਪਾਲ ਚੰਦ ਜੀ ਕਹਿਣ ਲੱਗੇ, ਤੇਰੇ ਕੋਲ ਸਾਈਜ਼ ਕਿੱਥੋਂ ਆਇਆ? ਮੋਚੀ ਕਹਿਣ ਲੱਗਾ, ਮੇਰੇ ਤੇ ਕਿਰਪਾ ਹੈ, ਕਲਾ ਹੈ, ਮੈਂ ਪੰਜ ਸੱਤ ਵਾਰੀ ਕਿਸੇ ਦਾ ਪੈਰ ਵੇਖ ਲਵਾਂ ਤਾਂ ਮੇਚਾ ਲੈਣ ਦੀ ਵੀ ਲੋੜ ਨਹੀਂ। ਮੈਂ ਉਸੇ ਸਾਈਜ਼ ਦਾ ਜੋੜਾ ਬਣਾ ਦਿੰਦਾ ਹਾਂ। ਉਸ ਨੇ ਪਿਆਰ ਨਾਲ ਜੋੜਾ ਤਿਆਰ ਕੀਤਾ। ਮਾਮਾ ਕਿਰਪਾਲ ਚੰਦ ਜੀ ਪਿਆਰ ਵਿੱਚ ਜੋੜਾ ਲੈ ਗਏ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਤੇ ਮੋਚੀ ਬਾਹਰ ਬੈਠ ਗਿਆ। ਮਾਮਾ ਜੀ ਨੇ ਜੋੜਾ ਭੇਂਟ ਕੀਤਾ। ਸਤਿਗੁਰੂ ਜੀ ਕਹਿਣ ਲੱਗੇ, ਜਿਸ ਨੇ ਜੋੜਾ ਤਿਆਰ ਕੀਤਾ ਹੈ ਉਸਨੂੰ ਅੰਦਰ ਬੁਲਾਓ। ਇਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਘਰ ਹੈ ਹਰ ਕੋਈ ਅੰਦਰ ਆ ਸਕਦਾ ਹੈ।

***ਨੀਵਿਆਂ ਨੂੰ ਗਲ ਨਾਲ ਲਾਵੇ,***
***ਘਰ ਗੁਰੂ ਨਾਨਕ ਦਾ।***

ਜਦੋਂ ਮਾਮਾ ਕਿਰਪਾਲ ਚੰਦ ਜੀ ਨੇ ਉਸ ਮੋਚੀ ਨੂੰ ਕਿਹਾ ਅੰਦਰ ਆ ਜਾ। ਉਹ ਕਹਿਣ ਲੱਗਾ, ਕੀ ਮੈਂ ਅੰਦਰ ਆ ਸਕਦਾ ਹਾਂ? ਹਾਂ ਭਾਈ, ਇਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਘਰ ਹੈ। ਜਦੋਂ ਅੰਦਰ ਆ ਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਕਹਿਣ ਲੱਗੇ, ਆਪ ਬਣਾਇਆ ਹੈ? ਤਿੱਲੇ ਦੀ ਕਢਾਈ ਸੀ, ਲਿਸ਼ਕਣੀ। ਕਹਿਣ ਲੱਗਾ, ਹਾਂ ਜੀ। ਸਤਿਗੁਰੂ ਜੀ ਕਹਿਣ ਲੱਗੇ, ਇਸ ਜੋੜੇ ਦੇ ਬਦਲੇ ਤੈਨੂੰ ਕੀ ਦੇਈਏ? ਇਹ ਮੋਚੀ ਵੀਰ ਕਹਿਣ ਲੱਗਾ, ਇਹ ਜੋੜਾ ਆਪਣੇ ਚਰਨਾਂ ਵਿੱਚ ਪਾ ਲਓ, ਇਸ ਤੋਂ ਵੱਡੀ ਖੁਸ਼ੀ ਮੇਰੇ ਵਾਸਤੇ ਕੋਈ ਨਹੀਂ ਹੋਵੇਗੀ। ਮੇਰੀ ਹਾਜ਼ਰੀ ਲੱਗ ਜਾਵੇ। ਇਹ ਪ੍ਰੇਮ ਦੀ ਖੇਡ ਹੈ। ਜਿੰਨਾ ਚਿਰ ਪ੍ਰੇਮ ਨਹੀਂ, ਬੋਝ ਪਾ ਕੇ ਰਹੋਗੇ। ਸਤਿਗੁਰੂ ਜੀ ਨੇ ਜੋੜਾ ਪਾਇਆ। ਕਹਿਣ ਲੱਗੇ, ਲੈ ਭਾਈ, ਪਾ ਲਿਆ। ਕਹਿਣ ਲੱਗਾ, ਮੇਰੇ ਲਈ ਇਸ ਤੋਂ ਵੱਡੀ ਖੁਸ਼ੀ ਕੋਈ ਨਹੀਂ, ਤੁਸੀਂ ਆਪਣੇ ਚਰਨਾਂ ਵਿੱਚ ਇਹ ਜੋੜਾ ਪਾਇਆ ਹੈ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਕਹਿੰਦੇ, ਤੂੰ ਨਹੀਂ ਮੰਗਿਆ। ਲੈ ਫਿਰ ਅਸੀਂ ਦਿੰਦੇ ਹਾਂ, ਤੇਰੀਆਂ ਕੁੱਲਾਂ ਤੱਕ ਕੋਈ ਕਮੀ ਨਹੀਂ ਰਹੇਗੀ।

***ਮੇਰਾ ਗੁਰੁ ਪਰਮੇਸਰੁ ਸੁਖਦਾਈ ॥***
***ਪਾਰਬ੍ਰਹਮ ਕਾ ਨਾਮੁ ਦ੍ਰਿੜਾਏ***
***ਅੰਤੇ ਹੋਇ ਸਖਾਈ ॥੧॥ ਰਹਾਉ ॥***

***(ਅੰਗ ੬੧੫)***

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਦੀ ਇੱਕ ਹੋਰ ਸਾਖੀ ਸਾਹਮਣੇ ਆਉਂਦੀ ਹੈ। ਇੱਕ ਪਿੰਡ ਵਾਲਿਆਂ ਨੇ ਬਹੁਤ ਦਸਵੰਧ ਦਿੱਤਾ ਤੇ ਅਗਲੇ ਪਿੰਡ ਗਏ ਢਿਲਵਾਂ ਨਾਮ ਆਇਆ ਇਤਿਹਾਸ ਵਿੱਚ। ਵੇਖੋ ਸਾਡੇ ਮਾਲਕ, ਜਿਹੜੀ ਪਿਛਲੇ ਪਿੰਡ ਵਾਲਿਆਂ ਨੇ ਮਾਇਆ ਦਿੱਤੀ ਸੀ, ਉਸ ਦੀਆਂ 101 ਕਪਲ ਗਊਆਂ ਮੰਗਵਾਈਆਂ। ਬਕਾਇਦਾ ਇਤਿਹਾਸ ਵਿੱਚ ਕਪਲ ਗਊ ਲਿਖਿਆ ਹੈ। ਗੁਰਬਾਣੀ ਵਿੱਚ ਵੀ ਕਪਲ ਗਊ ਦਾ ਜ਼ਿਕਰ ਆਉਂਦਾ ਹੈ।

***ਦੂਧੁ ਕਟੋਰੈ ਗਡਵੈ ਪਾਨੀ ॥***
***ਕਪਲ ਗਾਇ ਨਾਮੈ ਦੁਹਿ ਆਨੀ ॥੧॥***

***(ਅੰਗ ੧੧੬੩)***

101 ਕਪਲ ਗਊਆਂ ਮੰਗਵਾ ਕੇ ਢਿਲਵਾਂ ਪਿੰਡ ਵਿੱਚ ਇੱਕ ਤਪੇ ਨੂੰ ਸੌਂਪੀਆਂ। ਉਹ ਤਪੇ ਨੇ ਗਊਆਂ ਪਾਲੀਆਂ ਸੀ ਕਿਉਂਕਿ ਉਹ ਗਊਆਂ ਨੂੰ ਪਾਲਣ ਦਾ ਕੰਮ ਜਾਣਦਾ ਸੀ। ਸਤਿਗੁਰੂ ਜੀ ਤਪੇ ਨੂੰ ਕਹਿਣ ਲੱਗੇ ਇਹ ਤੇਰੀ ਸੇਵਾ ਲਗਾਂਦੇ ਹਾਂ ਕਿ ਸਾਰੇ ਪਿੰਡ ਨੂੰ ਮੁਫਤ ਦੁੱਧ ਦੇਣਾ ਹੈ। ਦੁੱਧ ਹੀ ਘਰ ਆ ਜਾਵੇਗਾ, ਮਾਇਆ ਤੋਂ ਬਿਨਾਂ ਕੁਝ ਤਾਂ ਆਸਰਾ ਹੋ ਜਾਵੇਗਾ। ਸਤਿਗੁਰੂ ਜੀ ਦੀ ਕਿਰਪਾ ਤੇ ਸੰਗਤਾਂ ਦੀਆਂ ਅਸੀਸਾਂ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵੱਲੋਂ ਵੀ ਹੜ੍ਹ ਪੀੜਤਾਂ ਨੂੰ ਪਹਿਲੀ ਗਊ ਦੀ ਹਾਜ਼ਰੀ ਲਗਾਈ, ਵੱਛੇ ਸਮੇਤ। ਗੁਰੂ ਸਾਹਿਬ ਦੀ ਕਿਰਪਾ ਨਾਲ ਅਜਨਾਲੇ ਦਾ ਪਰਿਵਾਰ ਮਿਆਦੀ ਪਿੰਡ। ਉਸ ਸਰੀਰ ਦੀ ਇੱਕ ਬਾਂਹ ਵੀ ਨਹੀਂ ਹੈ। ਉਸ ਦੀ ਇੱਕ ਗਊ ਪੰਜ ਛੇ ਦਿਨ ਪਾਣੀ ਵਿੱਚ ਹੀ ਰਹੀ ਤੇ ਫਿਰ ਮਰ ਗਈ। ਤਿੰਨ ਪਸ਼ੂ ਪਹਿਲਾਂ ਮਰ ਗਏ ਸੀ। ਦਾਸ ਨੇ ਸੋਚਿਆ ਇਸਨੂੰ ਇੱਕ ਗਊ ਦੇ ਕੇ ਹਾਜ਼ਰੀ ਲਗਵਾ ਲਈਏ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਸੰਗ ਚੱਲ ਰਿਹਾ ਹੈ, ਪਿਤਾ ਜੀ ਨੇ ਵੀ ਗਊਆਂ ਲੈ ਕੇ ਪਿੰਡ ਵਾਲਿਆਂ ਨੂੰ ਦਿੱਤੀਆਂ ਸਨ, ਦਾਸ ਨੇ ਸੋਚਿਆ ਇਹ ਸੇਵਾ ਕਰਕੇ ਸਾਡੀ ਵੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਹਾਜ਼ਰੀ ਲੱਗ ਜਾਵੇ।

ਹੜ੍ਹ ਪੀੜਤਾਂ ਨੂੰ ਜੋ ਵੀ ਦਿੱਕਤਾਂ ਆਈ ਰਹੀਆਂ ਸਨ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮੱਛਰ ਦਾਨੀਆਂ, ਸੂਟ, ਜੋੜੇ, ਚਾਦਰਾਂ, ਕੰਬਲ, ਸੋਲਰ ਲਾਈਟਾਂ, ਮੈਡੀਕਲ ਕਿੱਟਾਂ, ਕਈ ਪਰਿਵਾਰਾਂ ਦੇ ਘਰ ਬਣਾ ਕੇ ਦਿੱਤੇ ਜਾ ਰਹੇ ਹਨ ਤੇ ਹੋਰ ਵੀ ਕਈ ਕੁਝ ਗੁਰੂ ਸਾਹਿਬ ਦੀ ਕਿਰਪਾ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਸੇਵਾ ਕੀਤੀ ਜਾ ਰਹੀ ਹੈ ਅਤੇ ਹੁਣ ਪਸ਼ੂ ਧੰਨ ਦੇਣ ਦੀ ਵੀ ਸ਼ੁਰੂਆਤ ਹੋ ਗਈ ਹੈ। ਅੰਮ੍ਰਿਤਸਰ ਦੇ ਡੀ.ਸੀ. ਅਤੇ ਰੈੱਡ ਕਰਾਸ ਵਾਲੇ ਵੀਰ ਇਨਕੁਆਰੀ ਵਿੱਚ ਬਹੁਤ ਸਾਥ ਦੇ ਰਹੇ ਹਨ। ਤੁਸੀਂ ਹੈਰਾਨ ਹੋਵੋਗੇ ਜਿਹੜੀ ਸਾਡੇ ਕੋਲ ਪਿੰਡਾਂ ਦੀ ਲਿਸਟ ਆਈ ਹੈ, ਪਸ਼ੂ ਉਨ੍ਹਾਂ ਨੂੰ ਦੇਣੇ ਹਨ ਜਿਨ੍ਹਾਂ ਨੂੰ ਲੋੜ ਹੈ। ਜਿਸ ਕੋਲ ਪਹਿਲਾਂ ਹੀ 12-13 ਪਸ਼ੂ ਹਨ ਉਸ ਨੂੰ ਨਹੀਂ ਦੇਣਾ। ਜਿਹੜੀਆਂ ਲਿਸਟਾਂ ਪ੍ਰਸ਼ਾਸ਼ਨ ਨੇ ਦਿੱਤੀਆਂ ਹਨ, ਉਸ ਵਿੱਚ ਪਿੰਡ ਦਾ ਨਾਂ, ਸਰਪੰਚ ਦਾ ਨੰਬਰ, ਗ੍ਰੰਥੀ ਸਿੰਘ ਦਾ ਨੰਬਰ, ਚੇਅਰਮੈਨ ਦਾ ਨੰਬਰ, ਚੌਕੀਦਾਰ ਦਾ ਨੰਬਰ ਤੇ ਸਾਰਿਆਂ ਕੋਲੋਂ ਇਨਕੁਆਰੀ ਕਰਕੇ ਫਿਰ ਸੇਵਾ ਦੀ ਹਾਜ਼ਰੀ ਤਾਂ ਜੋ ਚੀਜ਼ ਟਿਕਾਣੇ ਲੱਗ ਜਾਵੇ। ਇਹ ਵੀ ਗੁਰੂ ਸਾਹਿਬ ਜੀ ਦੀ ਸੁਮਤ ਹੈ:

***ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥***
***ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥***

***(ਅੰਗ ੧੨੪੫)***

ਪ੍ਰਸਾਸ਼ਨ ਬਹੁਤ ਸਾਥ ਦੇ ਰਿਹਾ ਹੈ। ਸੇਵਾ ਭਲਾਈ ਕੇਂਦਰ ਵੱਲੋਂ ਹੋ ਰਹੀ ਹੈ। ਹੁਣ ਅਗਲਾ ਕੰਮ

ਹੈ, ਪਾਣੀ ਨਿਕਲ ਗਿਆ ਹੈ। ਬੱਚਿਆਂ ਨੇ ਸਕੂਲ ਵੀ ਜਾਣਾ ਹੈ। ਭਲਾਈ ਕੇਂਦਰ ਵੱਲੋਂ ਸਕੂਲ ਬੈਗ ਪਾਸ ਕੀਤੇ ਤੇ ਪਹਿਲਾ ਲਾਟ 500 ਸਕੂਲ ਬੈਗਾਂ ਦਾ ਬਣਿਆ ਹੈ। ਤੁਸੀਂ ਦਸਵੰਧ ਦੇ ਰਹੇ ਹੋ, ਇਹ ਸਾਰਾ ਦਸਵੰਧ ਇੰਨਾਂ ਕਾਰਜਾਂ ਤੇ ਲੱਗ ਰਿਹਾ ਹੈ। ਹੁਣ ਜਿਹੜੇ ਬੈਗ ਦਿੱਤੇ ਜਾ ਰਹੇ ਹਨ ਇਨ੍ਹਾਂ ਵਿੱਚ ਕਾਪੀਆਂ, ਰੰਗਾਂ ਦੀ ਡੱਬੀਆਂ, ਪੈਨਸਿਲਾਂ, ਜੁਮੈਟਰੀ ਬਾਕਸ ਆਦਿ ਪੂਰੀ ਕਿੱਟ ਨਾਲ ਦਿੱਤੀ ਜਾ ਰਹੀ ਹੈ। ਹੁਣ ਪਿੰਡਾਂ ਦੀ ਚੋਣ ਕੀਤੀ ਜਾ ਰਹੀ ਹੈ ਜਿੱਥੇ ਜਿੱਥੇ ਬੈਗ ਚਾਹੀਦੇ ਹਨ। ਉੱਥੇ ਉੱਥੇ ਜਾ ਕੇ ਇਹ ਬੈਗ ਕਿੱਟਾਂ ਸਮੇਤ ਦਿੱਤੇ ਜਾਣਗੇ ਨਾਲ ਫੋਲਡਿੰਗ ਬੈੱਡ, ਗੱਦੇ, ਚਾਦਰਾਂ ਤੇ ਸਿਰਹਾਣੇ ਵੀ ਦਿੱਤੇ ਜਾਣਗੇ। ਘਰਾਂ ਦੀ ਹਾਲਤ ਨਹੀਂ ਦੇਖੀ ਜਾ ਰਹੀ ਜੋ ਵੀਡਿਓਜ਼ ਆ ਰਹੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਹ ਸਾਰੀ ਹਾਜ਼ਰੀ ਲਗਾਈ ਜਾ ਰਹੀ ਹੈ ਕਿ ਹੜ੍ਹ ਦੌਰਾਨ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਬਾਂਹ ਫੜੀ ਜਾ ਸਕੇ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਵੇਂ ਆਪ ਜੀ ਨੇ ਗਰੀਬ ਪਿੰਡ ਵਾਲਿਆਂ ਦੀ ਮਦਦ ਕਰਕੇ ਬਾਂਹ ਫੜੀ ਇਸੇ ਤਰ੍ਹਾਂ ਨਿਮਾਣੀ ਸਭਾ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਨਿਮਾਣੇ ਸੇਵਾਦਾਰਾਂ ਪਾਸੋਂ ਵੀ ਨਿਮਰਤਾ ਵਿੱਚ ਸੇਵਾ ਲੈਣੀ। ਸਾਡੇ ਸਿਰ ਤੇ ਹੱਥ ਰੱਖ ਕੇ ਹੜ੍ਹ ਪੀੜਤ ਪਿੰਡਾਂ ਵਿੱਚ ਲੋੜਵੰਦ ਪਰਿਵਾਰਾਂ ਨੂੰ ਸਮਾਨ ਪਹੁੰਚਾਉਣ ਦੀ ਸੇਵਾ ਲੈ ਲੈਣਾ ਜੀ। ਪੜ੍ਹੋ ਜੀ ਪੰਕਤੀਆਂ ਫਿਰ ਸਮਾਪਤੀ ਹੈ:

***ਮੇਰਾ ਗੁਰੁ ਪਰਮੇਸਰੁ ਸੁਖਦਾਈ ॥***
***ਪਾਰਬ੍ਰਹਮ ਕਾ ਨਾਮੁ ਦ੍ਰਿੜਾਏ***
***ਅੰਤੇ ਹੋਇ ਸਖਾਈ ॥੧॥ ਰਹਾਉ ॥***

*(ਅੰਗ ੬੧੫)*

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850**

**ਸਿਫਤਿ ਸਾਲਾਹ**
ਆਪ ਪੜ੍ਹੋ ਤੇ
ਹੋਰਨਾਂ ਨੂੰ ਵੀ ਪੜ੍ਹਾਓ।

ਚੰਦਾ ਭੇਜਣ ਲਈ ਸਕੈਨ ਕਰੋ ਜੀ




**ਚੰਦਾ ਦੇਸ਼**

| | | | |
|---|---|---|---|
| ਸਲਾਨਾ ਚੰਦਾ | 150 ਰੁ. | 2 ਸਾਲ ਲਈ | 300 ਰੁ. |
| 5 ਸਾਲ ਲਈ | 600 ਰੁ. | ਲਾਈਫ ਮੈਂਬਰਸ਼ਿਪ | 2400 ਰੁ. |

**ਨੋਟ: ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਤਿ ਸਾਲਾਹ ਰਸਾਲੇ ਦੇ ਪੰਜ-ਪੰਜ ਮੈਂਬਰ ਬਣਾਓ ਤਾਂ ਜੋ ਗੁਰਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋ ਸਕੇ।**

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ

# ਪਾਵਨ ਚਰਨ ਛੋਹ ਅਸਥਾਨ

**1. ਗੁ: ਗੁਰੂ ਕੇ ਮਹਿਲ (ਸ੍ਰੀ ਅੰਮ੍ਰਿਤਸਰ ਸਾਹਿਬ) ਪ੍ਰਕਾਸ਼ ਅਸਥਾਨ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ :**

ਇਹ ਗੁਰਦੁਆਰਾ ਸਾਹਿਬ ਕਟੜਾ ਬਾਗ, ਚੌਂਕ ਪਾਸੀਆਂ ਵਿੱਚ ਹੈ। ਸ੍ਰੀ ਅੰਮ੍ਰਿਤਸਰ ਦੀ ਇਸ ਪਾਵਨ ਧਰਤੀ ਤੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ (ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ) ਨੂੰ ਨਾਲ ਲੈ ਕੇ ਪਵਿੱਤਰ ਚਰਨ ਪਾਏ ਅਤੇ ਹੁਕਮ ਕੀਤਾ ਕਿ ਇੱਥੇ ਆਪਣਾ ਘਰ ਬਣਾਓ ਤੇ ਨਵੀਂ "ਨਗਰੀ ਵਸਾਓ"। ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ (ਗੁਰਤਾ ਗੱਦੀ ਕਾਲ 1564-81) ਨੇ ਜਗ੍ਹਾ ਖਰੀਦ ਕਰਕੇ ਨਗਰ ਦੇ ਵਿਚਕਾਰ ਆਪਣੇ ਪਰਿਵਾਰ ਦੀ ਰਿਹਾਇਸ਼ ਵਾਸਤੇ 18 ਜੂਨ ਸੰਨ 1573 ਨੂੰ ਮੋਹੜੀ ਗੱਡੀ। ਇਸ ਅਸਥਾਨ 'ਤੇ ਘਣਾ ਜੰਗਲ, ਬੇਰੀਆਂ ਅਤੇ ਅੰਬਾਂ ਦੇ ਝੁੰਡ ਸਨ। ਬਾਬਾ ਬੁੱਢਾ ਸਾਹਿਬ ਜੀ ਨੇ ਅਰਦਾਸ ਕਰਕੇ ਪਹਿਲਾਂ ਕਾਨਿਆਂ ਦੀ ਇੱਕ ਛਪਰੀ ਤਿਆਰ ਕਰਵਾਈ, ਗੁਰੂ ਸਾਹਿਬ ਦੇ ਨਾਲ ਇਲਾਕੇ ਦੀਆਂ ਸੰਗਤਾਂ ਦਾ ਭਾਰੀ ਇਕੱਠ ਸੀ, 22 ਮੰਜੀਆਂ ਦੇ ਸਾਰੇ ਮਸੰਦ, ਪ੍ਰਚਾਰਕ ਵੀ ਹਾਜ਼ਰ ਹੋਏ।

ਸੰਨ 1574 ਤੋਂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਪਰਿਵਾਰ ਬੀਬੀ ਭਾਨੀ ਜੀ ਅਤੇ ਤਿੰਨ ਸਪੁੱਤਰਾਂ ਬਾਬਾ ਪ੍ਰਿਥੀ ਚੰਦ, ਮਹਾਂਦੇਵ ਅਤੇ (ਗੁਰੂ) ਅਰਜਨ ਦੇਵ ਜੀ ਨਾਲ ਇਸ ਅਸਥਾਨ 'ਤੇ ਰਹਿਣ ਲੱਗੇ। ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਰਿਹਾਇਸ਼ ਲਈ ਜੋ ਘਰ ਬਣਾਇਆ, ਉਹ ਘਰ ਹੀ ਗੁਰਦੁਆਰਾ ਗੁਰੂ ਕੇ ਮਹਿਲ ਹੈ। ਗੁਰੂ ਜੀ ਨੇ ਨਵੀਂ ਨਗਰੀ ਵਸਾ ਕੇ ਉਸ ਦਾ ਨਾਮ ਗੁਰੂ ਦਾ ਚੱਕ ਰੱਖਿਆ ਜੋ ਬਾਅਦ ਵਿੱਚ ਰਾਮਦਾਸਪੁਰ ਤੇ ਆਖਿਰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇੱਥੇ 58 ਸਾਲ ਤੱਕ ਨਿਵਾਸ ਕੀਤਾ। ਸ੍ਰੀ ਅੰਮ੍ਰਿਤਸਰ ਸਾਹਿਬ 'ਸਿਫਤੀ ਦੇ ਘਰ' ਵਿਖੇ ਇਹ ਸਭ ਤੋਂ ਪਹਿਲੀ ਰਿਹਾਇਸ਼ੀ ਇਮਾਰਤ ਬਣਾਈ ਗਈ। ਇੱਥੇ ਹੀ ਸੰਗਤਾਂ ਜੁੜਦੀਆਂ, ਮੰਜੀ ਸਾਹਿਬ ਵਿਖੇ ਇਲਾਹੀ ਬਾਣੀ ਦਾ ਕੀਰਤਨ-ਦੀਵਾਨ ਅਤੇ ਗੁਰੂ ਦੇ ਲੰਗਰ ਦਾ ਪ੍ਰਵਾਹ ਚਲਦਾ। ਰਬਾਬੀਆਂ ਦੀ ਰਿਹਾਇਸ਼ ਲਈ ਵੀ ਮਕਾਨ ਉਸਾਰੇ ਗਏ, 'ਗਲੀ-ਰਬਾਬੀਆਂ' ਕਰਕੇ ਪ੍ਰਸਿੱਧ ਹੈ। ਇਸੇ ਅਸਥਾਨ 'ਤੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਜੁਲਾਈ 1579 ਨੂੰ ਹੋਈ, ਭਾਰੀ ਰੌਣਕਾਂ ਲੱਗੀਆਂ। ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਲਾਹੌਰ ਤੋਂ ਹਰ ਤਰ੍ਹਾਂ ਦੇ ਕਾਰੀਗਰਾਂ ਨੂੰ ਲਿਆ ਕੇ ਥਾਵਾਂ ਦੇ ਕੇ ਨਗਰ ਆਬਾਦ ਕੀਤਾ ਅਤੇ ਗੁਰੂ ਕੇ ਮਹਿਲ ਦੇ ਨਾਲ ਬੱਤੀ-ਹੱਟਾਂ (ਬੱਤੀ ਹੱਟੀਆਂ ਵਾਲਾ) ਬਾਜ਼ਾਰ ਦੀ ਉਸਾਰੀ ਕੀਤੀ ਗਈ ਅਤੇ ਨਾਮ 'ਗੁਰੂ ਬਾਜ਼ਾਰ' ਪ੍ਰਸਿੱਧ ਹੋ ਗਿਆ।

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਪੁੱਤਰ ਦੀ ਦਾਤ ਪ੍ਰਾਪਤ ਕਰਨ ਲਈ ਮਾਤਾ ਗੰਗਾ ਜੀ ਇੱਥੋਂ ਹੀ ਬਾਬਾ ਬੁੱਢਾ ਸਾਹਿਬ ਜੀ ਪਾਸ ਗੁਰਦੁਆਰਾ ਬੀੜ ਸਾਹਿਬ, ਝਬਾਲ, ਜ਼ਿਲ੍ਹਾ ਤਰਨ ਤਾਰਨ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਗਏ ਸੀ। ਬਾਬਾ ਬੁੱਢਾ ਸਾਹਿਬ ਜੀ ਦੇ ਬਚਨ ਸਦਕਾ ਧੰਨ

ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰੂ ਕੀ ਵਡਾਲੀ, ਛੇਹਰਟਾ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਸੰਨ 1604 ਵਿੱਚ ਸਾਹਿਬਜ਼ਾਦੇ (ਗੁਰੂ) ਹਰਿਗੋਬਿੰਦ ਸਾਹਿਬ ਜੀ ਦੀ ਸ਼ਾਦੀ ਗੁਰੂ ਕੇ ਮਹਿਲ ਵਿਖੇ ਗਲੀ ਲਾਂਬੇ ਵਾਲੀ ਵਿਖੇ ਹੋਈ, ਭਾਰੀ ਰੌਣਕਾਂ ਲੱਗੀਆਂ। ਆਪ ਜੀ ਦੇ ਪੰਜ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, **ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ** ਅਤੇ ਬੀਬੀ ਵੀਰੋ ਜੀ ਇਸੇ ਅਸਥਾਨ ਤੇ ਆਗਮਨ ਹੋਇਆ। ਬੀਬੀ ਵੀਰੋ ਜੀ ਦੇ ਵਿਆਹ ਦੀਆਂ ਤਿਆਰੀਆਂ ਇੱਥੇ ਹੋਈਆਂ ਪਰ ਮੁਗਲਾਂ ਵੱਲੋਂ ਅਚਾਨਕ ਹਮਲਾ ਕਰਨ ਤੇ ਸ਼ਾਦੀ ਦੀਆਂ ਬਾਕੀ ਰਸਮਾਂ ਤੇ ਲਾਵਾਂ ਝਬਾਲ (ਜ਼ਿਲ੍ਹਾ ਤਰਨ ਤਾਰਨ) ਵਿਖੇ ਕੀਤੀਆਂ ਗਈਆਂ। ਗੁਰੂ ਜੀ ਨੇ ਇੱਥੇ ਪਾਣੀ ਪੀਣ ਵਾਸਤੇ ਤੇ ਇਸ਼ਨਾਨ ਕਰਨ ਲਈ ਖੂਹ ਬਣਵਾਇਆ ਸੀ ਜੋ ਅੱਜ ਵੀ ਮੌਜੂਦ ਹੈ।

ਜਦੋਂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲੀ ਵਾਰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਦੇਖਿਆ, ਗੋਦ ਵਿੱਚ ਲਿਆ ਅਤੇ ਆਪਣੇ ਪੁੱਤਰ ਦਾ ਤਨ ਦੇਖ ਕੇ, ਸਰੀਰ ਦੇਖ ਕੇ ਆਪਣਾ ਸੀਸ ਥੋੜ੍ਹਾ ਜਿਹਾ ਝੁਕਾ ਦਿੱਤਾ। ਭਾਈ ਬਿਧੀ ਚੰਦ ਜੀ ਨੇ ਪੁੱਛ ਲਿਆ ਕਿ ਇਸ ਸਪੁੱਤਰ ਲਈ ਇੰਨਾ ਸਤਿਕਾਰ ਤੇ ਛੇਵੇਂ ਪਾਤਸ਼ਾਹ ਜੀ ਦੇ ਮੁਖਾਰਬਿੰਦ ਵਿੱਚੋਂ ਬਚਨ ਨਿਕਲਿਆ, ਮੇਰਾ ਇਹ ਪੁੱਤਰ ਗਰੀਬਾਂ ਲਈ ਰਕਸ਼ਕ ਹੋਵੇਗਾ। ਇਹ ਬਾਲਕ ਪਰਹਿਤ ਲਈ ਸਭ ਕੁਝ ਵਾਰ ਦੇਵੇਗਾ। ਮੇਰਾ ਇਹ ਪੁੱਤਰ ਸੰਸਾਰ ਵਿੱਚ ਲੋਕਾਂ ਦੀ ਪੱਤ ਢੱਕੇਗਾ। ਜਿਵੇਂ ਸੂਰਜ ਚੜ੍ਹਦਾ ਹਨ੍ਹੇਰਾ ਦੂਰ ਹੋ ਜਾਂਦਾ। ਚਾਨਣ ਹੋ ਜਾਂਦਾ। ਜਿਹੜਾ ਧਰਤੀ ਤੇ ਘੋਰ ਅਨਿਆਂ ਦਾ ਹਨ੍ਹੇਰਾ ਹੋ ਜਾਂਦਾ ਇਹ ਬਾਲਕ ਸੂਰਜ ਵਾਂਗ ਅਨਿਆਂ ਦਾ ਹਨ੍ਹੇਰਾ ਦੂਰ ਕਰੇਗਾ। ਅਤੇ ਨਾਲ ਇਹ ਵੀ ਬਚਨ ਕੀਤਾ ਕਿ ਜਦੋਂ ਵੀ ਕਿਸੇ ਤੇ ਅਤਿ ਦੀ ਮੁਸੀਬਤ ਪਵੇਗੀ ਤਾਂ ਮੇਰਾ ਇਹ ਪੁੱਤਰ ਮੁਸੀਬਤਾਂ ਵਿੱਚ ਫਸਿਆਂ ਹੋਇਆਂ ਦੇ ਕੋਲ ਖੁਦ ਆਪ ਜਾ ਕੇ ਉਸ ਦੇ ਮੁਸੀਬਤ ਦੇ ਸਾਰੇ ਬੰਧਨ ਕੱਟ ਦੇਵੇਗਾ।

***

**2. ਗੁ: ਸ੍ਰੀ ਭੋਰਾ ਸਾਹਿਬ (ਬਾਬਾ ਬਕਾਲਾ) ਭਗਤੀ ਅਸਥਾਨ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ :**

ਬੰਦਗੀ ਦਾ ਸਰੂਪ, ਇਬਾਦਤ ਦਾ ਘਰ ਗੁਰਦੁਆਰਾ ਸ੍ਰੀ ਭੋਰਾ ਸਾਹਿਬ, ਬਾਬਾ ਬਕਾਲਾ ਉਨ੍ਹਾਂ ਪਲਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ ਜਦੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਭਾਈ ਮਹਿਰਾ ਜੀ ਦੇ ਗ੍ਰਹਿ ਵਿਖੇ 26 ਸਾਲ 9 ਮਹੀਨੇ 13 ਦਿਨ ਬੰਦਗੀ ਕੀਤੀ ਕਿਉਂਕਿ ਇਬਾਦਤ ਬਿਨਾਂ ਸ਼ਹਾਦਤ ਨਹੀਂ।

ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਾਬੇ ਬਕਾਲੇ ਗਏ। ਇੱਥੇ ਇੱਕ ਸਿੱਖ ਸੀ ਭਾਵਨਾ ਵਾਲਾ। ਜਿਸ ਗੁਰਦੁਆਰਾ ਸਾਹਿਬ ਦੇ ਅੱਜ ਆਪਾਂ ਦਰਸ਼ਨ ਕਰਦੇ ਹਾਂ, ਬਾਬਾ ਬਕਾਲਾ ਸਾਹਿਬ। ਉਸ ਸਿੱਖ ਦਾ ਨਾਮ ਸੀ ਭਾਈ ਮਹਿਰਾ ਜੀ। ਭਾਈ ਮਹਿਰੇ ਨੇ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੇਵਾ ਕੀਤੀ। ਮਾਤਾ ਗੰਗਾ ਜੀ ਦੇ ਚਲਾਣੇ ਵੇਲੇ ਉਹ ਕੋਲ ਸੀ। ਜਦੋਂ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬਕਾਲੇ ਦੀ ਧਰਤੀ ਤੋਂ ਵਾਪਸ ਆਉਣ ਲੱਗੇ ਤਾਂ ਭਾਈ ਮਹਿਰੇ ਨੇ ਹੱਥ ਜੋੜ ਕੇ ਕਿਹਾ ਕਿ ਚਿੱਤ ਕਰਦਾ ਹੈ ਕੁਝ ਦਿਨ ਮੇਰੇ ਘਰ ਵੀ ਤੁਸੀਂ ਹੋਰ ਠਹਿਰੋ। ਆਪ ਕਿਰਪਾ ਕਰੋ ਕੁਝ ਸਮਾਂ ਇਸ ਧਰਤੀ ਤੇ ਹੋਰ ਭਾਗ ਲਗਾਓ। ਤਾਂ ਛੇਵੇਂ ਪਾਤਸ਼ਾਹ ਜੀ ਨੇ ਕਿਹਾ, ਭਾਈ ਮਹਿਰੇ, ਚੇਤੇ ਰੱਖੀਂ, ਸਮਾਂ ਆਵੇਗਾ, ਇੱਕ ਦੋ ਦਿਨ ਨਹੀਂ, ਅਸੀਂ ਕਈ ਸਾਲ ਤੇਰੇ ਘਰ

ਵਿੱਚ ਆ ਕੇ ਰਹਾਂਗੇ। ਤੇਰੇ ਘਰ ਦੇ ਅੰਦਰ ਬੰਦਗੀ ਦਾ ਪਰਵਾਹ ਚੱਲੇਗਾ। ਤੇਰੇ ਘਰ ਅੰਦਰ ਰੂਹਾਨੀਅਤ ਦੀਆਂ ਤਰੰਗਾਂ ਉੱਠਣਗੀਆਂ। ਅੱਜ ਸਾਨੂੰ ਜਾਣ ਦੇ, ਕੋਈ ਸਮਾਂ ਆਵੇਗਾ ਕਿ ਸਾਲਾਂ ਬੱਧੀ ਅਸੀਂ ਤੇਰੇ ਘਰ ਵਿੱਚ ਟਿਕਾਂਗੇ। ਸੱਚ ਜਾਣੋ, ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਕੀਰਤਪੁਰ ਸਾਹਿਬ ਦੀ ਧਰਤੀ ਤੇ ਇਹ ਦਾਤਾਂ ਦੇ ਕੇ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ, ਮਾਤਾ ਨਾਨਕੀ ਜੀ ਨੂੰ ਅਤੇ ਨੌਵੇਂ ਪਾਤਸ਼ਾਹ ਜੀ ਦੇ ਮਹਿਲ ਮਾਤਾ ਗੁਜਰੀ ਜੀ ਨੂੰ ਬਕਾਲਾ ਸਾਹਿਬ ਦੀ ਧਰਤੀ ’ਤੇ ਭੇਜ ਦਿੱਤਾ।

ਬਾਬਾ ਬਕਾਲਾ ਸਾਹਿਬ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਉਹ ਅਸਥਾਨ ਦੇਖੋ, ਜਿਸ ਥਾਂ ’ਤੇ ਬੈਠ ਕੇ ਕੇਵਲ ਪਰਮਾਤਮਾ ਦੀ ਇਬਾਦਤ ਕੀਤੀ। ਕੇਵਲ ਪਰਮਾਤਮਾ ਦਾ ਚਿੰਤਨ ਕੀਤਾ, ਸਾਈਂ ਦਾ ਸਿਮਰਨ ਕੀਤਾ। ਇੱਥੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਿਸੇ ਨਾਲ ਫਾਲਤੂ ਨਹੀਂ ਬੋਲਦੇ। ਅੱਗੇ ਵੀ ਚੁੱਪ ਸਨ। ਸ਼ਾਮ ਨੂੰ ਜਦੋਂ ਸੂਰਜ ਛੁੱਪਦਾ ਸੀ ਤਾਂ ਕਦੀ ਘੋੜੇ ਤੇ ਅਸਵਾਰ ਹੋ ਕੇ ਬਕਾਲੇ ਪਿੰਡ ਦੀ ਜੂਹ ਤੋਂ ਬਾਹਰ ਜਾਣਾ। ਥੋੜ੍ਹੀ ਜਿਹੀ ਸੈਰ ਕਰਕੇ ਫਿਰ ਵਾਪਸ ਆ ਜਾਣਾ, ਨਹੀਂ ਤਾਂ ਸਾਰਾ ਦਿਨ ਕਰਤਾਰ ਦੀ ਇਬਾਦਤ ਵਿੱਚ ਜੁੜੇ ਰਹਿੰਦੇ।

ਧੰਨ ਧੰਨ ਮਾਤਾ ਗੁਜਰ ਕੌਰ ਜੀ ਇੱਥੇ ਤਪ, ਤਿਆਗ, ਸੇਵਾ ਤੇ ਸਿਮਰਨ ਵਿੱਚ ਲੀਨ ਰਹੇ ਅਤੇ ਕਈ ਕਈ ਘੰਟੇ ਗੁਰਬਾਣੀ ਦੇ ਪਾਠ ਕਰਨ ਵਿੱਚ ਲੱਗੇ ਰਹਿੰਦੇ। ਇਸੀ ਅਸਥਾਨ ਤੇ ਹੀ ਸੱਤਵੇਂ ਪਾਤਸ਼ਾਹ 1660 ਈਸਵੀ ਵਿੱਚ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਿਲਣ ਲਈ ਆਏ। ਇਸੀ ਅਸਥਾਨ ਤੋਂ ਹੀ ਨੌਵੇਂ ਪਾਤਸ਼ਾਹ ਜੀ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਦਲਦਲ ਵਿੱਚ ਫਸਿਆ ਬੇੜਾ ਬੰਨੇ ਲਗਾਇਆ। ਇਸੀ ਅਸਥਾਨ ਤੇ ਹੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਨੌਵੇਂ ਪਾਤਸ਼ਾਹ ਜੀ ਦੇ ਭੋਰਾ ਸਾਹਿਬ ਆ ਕੇ ਦਰਸ਼ਨ ਕੀਤੇ ਤੇ ਮੋਹਰਾਂ ਭੇਟ ਕੀਤੀਆਂ। ਉਪਰੰਤ ‘ਸਾਚਾ ਗੁਰ ਲਾਧੋ ਰੇ’ ਦਾ ਕੋਠੇ ਚੜ੍ਹ ਕੇ ਹੋਕਾ ਦਿੱਤਾ। ਅੱਜ ਇਸ ਪਾਵਨ ਅਸਥਾਨ ਤੇ 9 ਮੰਜ਼ਲੀ ਇਮਾਰਤ ਸੁਸ਼ੋਭਿਤ ਹੈ। ਨੌਵੇਂ ਪਾਤਸ਼ਾਹ ਜੀ ਦੀ ਯਾਦ ਨੂੰ ਤਾਜ਼ਾ ਕਰਦਿਆਂ ਇਹ ਪਾਵਨ ਅਸਥਾਨ ਅੱਜ ਵੀ ਬੰਦਗੀ ਤੇ ਜਪ ਤਪ ਦਾ ਨੇਮ ਵਧਾਉਣ ਦੀ ਪ੍ਰੇਰਨਾ ਦਿੰਦਾ ਹੈ। **‘ਸਾਚਾ ਗੁਰ ਲਾਧੋ ਰੇ ਦਿਵਸ’** ਇਸ ਅਸਥਾਨ ਤੇ ਹਰ ਸਾਲ ਸਾਵਣ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ।

***

### 3. ਗੁ: ਸੀਸ ਗੰਜ ਸਾਹਿਬ (ਨਵੀਂ ਦਿੱਲੀ) ਸ਼ਹੀਦੀ ਅਸਥਾਨ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ :

ਇਸ ਪਵਿੱਤਰ ਯਾਦਗਾਰ ਅਸਥਾਨ ਤੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਔਰੰਗਜ਼ੇਬ ਦੇ ਸਮੇਂ 1675 ਵਿੱਚ ਸੀਸ ਦਿੱਤਾ। ਇਸ ਸ਼ਹੀਦੀ ਦੇ ਸੰਬੰਧ ਵਿੱਚ ਦਸਮ ਪਾਤਸ਼ਾਹ ਜੀ ਦੇ ਵਾਕ ਹਨ:

*ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥*
*ਕੀਨੋ ਬਡੋ ਕਲੂ ਮਹਿ ਸਾਕਾ ॥*
*ਸਾਧਨ ਹੇਤਿ ਇਤੀ ਜਿਨਿ ਕਰੀ ॥*
*ਸੀਸੁ ਦੀਆ ਪਰ ਸੀ ਨਾ ਉਚਰੀ ॥੧੩॥*

*(ਬਚਿੱਤ੍ਰ ਨਾਟਕ)*

ਸ਼ਹੀਦੀ ਮਗਰੋਂ ਇੱਥੋਂ ਹੀ ਸਤਿਗੁਰਾਂ ਦੇ ਪਵਿੱਤਰ ਸੀਸ ਨੂੰ (ਭਾਈ ਜੈਤਾ ਜੀ) ਭਾਈ ਜੀਵਨ ਸਿੰਘ ਜੀ, ਸ੍ਰੀ ਅਨੰਦਪੁਰ ਸਾਹਿਬ ਲੈ ਕੇ ਗਏ ਅਤੇ ਇੱਥੋਂ ਹੀ ਭਾਈ ਲੱਖੀ ਸ਼ਾਹ ਵਣਜਾਰਾ ਜੀ ਸਤਿਗੁਰੂ ਜੀ ਦੇ ਧੜ ਨੂੰ ਪੰਜ ਮੀਲ ਦੂਰ ਆਪਣੇ ਘਰ ਵਿੱਚ ਸਸਕਾਰ ਕਰਨ ਲਈ ਲੈ ਗਏ। ਇਸ ਸ਼ਹੀਦੀ ਮਗਰੋਂ

ਲਗਭਗ ਸੌ ਸਾਲ ਤੱਕ ਇਸ ਅਸਥਾਨ ਤੇ ਗੁਰੂ ਸਾਹਿਬ ਜੀ ਦੀ ਕੋਈ ਸ਼ਹੀਦੀ ਯਾਦਗਾਰ ਕਾਇਮ ਨਾ ਹੋ ਸਕੀ। ਪੰਜਾਬ ਦੀਆਂ ਸਿੱਖ ਮਿਸਲਾਂ ਦੇ ਜ਼ਮਾਨੇ ਵਿੱਚ ਸ੍ਰ. ਬਘੇਲ ਸਿੰਘ ਜੀ ਕਰੋੜ ਸਿੰਘੀਆਂ ਮਿਸਲ ਨੇ ਦਿੱਲੀ ਫਤਹਿ ਕਰਕੇ ਪਹਿਲੀ ਵਾਰ ਇਸ ਪਵਿੱਤਰ ਅਸਥਾਨ ਉੱਤੇ ਯਾਦਗਾਰ ਕਾਇਮ ਕੀਤੀ। ਸਾਹਮਣੇ ਵਾਲੇ ਫੁਵਾਰੇ ਦੀ ਥਾਂ ਤੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਗਾ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਉਬਾਲਿਆ ਗਿਆ। ਬਾਬਾ ਬੰਦਾ ਸਿੰਘ ਜੀ ਬਹਾਦਰ ਉਨ੍ਹਾਂ ਦੇ 740 ਸਾਥੀ ਸਿੱਖਾਂ ਨੂੰ 100-100 ਸਿੱਖ ਦੇ ਹਿਸਾਬ ਨਾਲ ਕਤਲ ਕੀਤਾ ਗਿਆ।

***

**4. ਗੁ: ਸ੍ਰੀ ਰਕਾਬ ਗੰਜ ਸਾਹਿਬ (ਨਵੀਂ ਦਿੱਲੀ) ਧੜ ਦਾ ਸਸਕਾਰ ਅਸਥਾਨ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ :**

ਸ਼ਰਧਾ ਅਤੇ ਸਿਦਕ ਨਾਲ ਭਰਪੂਰ ਇਹ ਅਸਥਾਨ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਸੁਭਾਇਮਾਨ ਹੈ ਜਿੱਥੇ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪਾਵਨ ਧੜ ਦਾ ਸਸਕਾਰ ਕੀਤਾ ਗਿਆ।

ਭਾਈ ਊਦਾ ਜੀ ਮੁਸਲਮਾਨੀ ਭੇਸ ਵਿੱਚ ਹੀ ਦਿੱਲੀ ਫਿਰ ਰਹੇ ਸਨ ਕਿ ਗੁਰੂ ਜੀ ਦਾ ਧੜ ਉਠਾ ਲਿਆ ਜਾਏ ਅਤੇ ਆਦਰ ਨਾਲ ਸਸਕਾਰ ਹੋਵੇ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿੱਚ

***'ਭਾਈ ਊਦੇ ਲੱਖੀ ਸੋ ਮਿਲ ਗੁਰ ਤਨ ਦਾਹ ਕਰਾਇਓ।'***

ਭਾਈ ਲੱਖੀ ਸ਼ਾਹ ਜੀ, ਸ਼ਾਹੀ ਠੇਕੇਦਾਰ ਸਨ। ਉਸ ਨੂੰ ਹਰ ਪਾਸੇ ਆਉਣ ਜਾਣ ਦੀ ਖੁੱਲ੍ਹ ਸੀ। ਲਾਲ ਕਿਲ੍ਹੇ ਵਿੱਚ ਰਸਦ ਆਦਿ ਪਹੁੰਚਾ ਕੇ ਉਸ ਆਪਣੇ ਗੱਡੇ ਬਾਹਰ ਲਿਆ ਖੜ੍ਹੇ ਕਰ ਦਿੱਤੇ। ਉਸ ਦੇ ਗੱਡਿਆਂ ਅਤੇ ਬੈਲਾਂ ਦੀ ਗਿਣਤੀ ਨਾਲ ਭੀੜ ਹੀ ਲੱਗ ਗਈ :

***'ਚੂਨਾ ਦੈ ਸੋ ਕਿਲੇ ਮੈਂ, ਆਯੋ ਜਬ ਤਿਸ ਠੌਰ।***
***ਰੌਰ ਗੌਰ ਨਿਜ ਤੌਰ ਕਰਿ, ਭੀਰ ਭਾਰ ਬਡ ਔਰ।***

ਸੂਰਜ ਪ੍ਰਕਾਸ਼ ਨੇ ਭਾਈ ਲੱਖੀ ਸ਼ਾਹ ਜੀ ਦੇ ਟਾਂਡੇ ਦੀ ਗਿਣਤੀ ਦਸ ਹਜ਼ਾਰ ਲਿਖੀ ਹੈ।

***'ਗਿਣਤੀ ਬਿਖੈ ਹਜ਼ਾਰ ਦਸ।'***

ਭਾਈ ਲੱਖੀ ਸ਼ਾਹ ਜੀ, ਉਨ੍ਹਾਂ ਦੇ ਬੇਟੇ ਨਗਾਹੀਆ ਜੀ, ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ ਨੇ ਗੱਡਿਆਂ ਅਤੇ ਬੈਲਾਂ ਨੂੰ ਚਾਂਦਨੀ ਚੌਂਕ ਵੱਲ ਹਿੱਕ ਦਿੱਤਾ। ਚਾਂਦਨੀ ਚੌਂਕ ਦੇ ਐਨ ਵਿਚਕਾਰ ਨਦੀ ਸੀ ਅਤੇ ਕਿਲ੍ਹੇ ਤੋਂ ਫਤਹਿਪੁਰੀ ਜਾਂਦਿਆਂ ਸਾਰੇ ਗੱਡੇ ਖੱਬੇ ਪਾਸੇ ਕੁਤਵਾਲੀ ਵੱਲ ਕਰ ਲਏ। ਇੱਕ ਪਹਿਲਾਂ ਹਨ੍ਹੇਰੀ ਤੂਫ਼ਾਨ, ਉਧਰੋਂ ਗੱਡਿਆਂ ਤੇ ਬੈਲਾਂ ਦੇ ਟੁਰਨ ਕਾਰਨ ਧੂੜ ਇਤਨੀ ਉੱਡ ਰਹੀ ਸੀ ਕਿ ਜੋ ਸਿਪਾਹੀ ਗੁਰੂ ਜੀ ਦੀ ਪਾਵਨ ਦੇਹੀ ਦੀ ਰਖਵਾਲੀ ਕਰ ਰਹੇ ਸਨ, ਉਹ ਪਿੱਛੇ ਹੱਟ ਗਏ। ਭਾਈ ਲੱਖੀ ਸ਼ਾਹ ਜੀ ਦੇ ਸ਼ਾਹੀ ਠੇਕੇਦਾਰ ਹੋਣ ਕਾਰਨ ਕਿਸੇ ਰੁਕਾਵਟ ਵੀ ਨਾਂਹ ਪਾਈ। ਕੁਝ ਗੱਡਿਆਂ ਦੇ ਲੰਘ ਜਾਣ ਉਪਰੰਤ ਸਤਿਗੁਰੂ ਜੀ ਦੀ ਪਾਵਨ ਦੇਹੀ ਨੂੰ ਭਾਈ ਲੱਖੀ ਸ਼ਾਹ ਜੀ, ਨਿਗਾਹੀਆ ਜੀ, ਭਾਈ ਊਦਾ ਜੀ ਅਤੇ ਭਾਈ ਗੁਰਦਿੱਤਾ ਜੀ ਨੇ ਉਠਾ ਲਿਆ ਅਤੇ ਇੱਕ ਰੂੰਈ ਦੇ ਗੱਡੇ ਵਿਚਕਾਰ ਸਤਿਗੁਰੂ ਜੀ ਦੇ ਧੜ ਨੂੰ ਰੱਖ ਦਿੱਤਾ ਅਤੇ ਛੇਤੀ ਨਾਲ ਬਹੁਤ ਸਾਰੀ ਰੂੰ ਪਾ ਕੇ ਧੜ ਨੂੰ ਛੁਪਾ ਦਿੱਤਾ ਅਤੇ ਯਕੀਨ ਨਾਲ ਰਕਾਬ ਗੰਜ ਆਪਣੇ ਡੇਰੇ ਚੱਲ ਪਏ ਕਿ ਹੁਣ ਕੋਈ ਪੁੱਛਣ ਦੇਖਣ ਵਾਲਾ ਨਹੀਂ:

***ਘਨੀ ਤੂਲ ਤੇ ਛਾਦਨ ਕੀਨੇ।***

***ਜਿਸ ਪ੍ਰਕਾਰ ਕੋ ਸਕਹਿ ਨ ਚੀਨੇ।***
***ਮਨ ਹੀ ਮਨ ਮਨਾਇ ਉਹ ਧਰੈਂ।***
***ਆਪ ਨੋ ਕਾਜ ਆਪ ਗੁਰ ਕਰੈਂ।***

ਸਾਰੇ ਟਾਂਡੇ ਨੂੰ ਰਕਾਬ ਗੰਜ ਪੁੱਜਦਿਆਂ ਕਾਫ਼ੀ ਸਮਾਂ ਲੱਗ ਗਿਆ ਅਤੇ ਅੱਧੀ ਰਾਤ ਢਲ ਗਈ। ਰਾਤ ਨੂੰ ਆਪਣੇ ਹੀ ਘਰ, ਚਿੱਖਾ ਬਣਾ ਕੇ, ਲੱਖੀ ਸ਼ਾਹ ਨੇ ਘਰ ਨੂੰ ਸਭ ਸਾਮਾਨ ਸਮੇਤ ਅਗਨ ਭੇਂਟ ਕਰ ਦਿੱਤਾ ਅਤੇ ਸਿਰ ਝੁਕਾ ਸ਼ੁਕਰ ਮਨਾਇਆ ਕਿ ਗੁਰੂ ਜੀ ਦਾ ਸਸਕਾਰ ਕਰ ਦਿੱਤਾ ਗਿਆ। ਸਤਿਗੁਰੂ ਜੀ ਦੀਆਂ ਪਾਵਨ ਅਸਥੀਆਂ ਨੂੰ ਉਸ ਨੇ ਗਾਗਰ ਵਿੱਚ ਪਾ ਕੇ ਉੱਥੇ ਹੀ ਦਬਾ ਦਿੱਤਾ। ਰਾਤ ਗਈ ਜਦ ਪਹਿਰੂਆਂ ਨੂੰ ਪਾਵਨ ਧੜ ਗਾਇਬ ਹੋਣ ਦਾ ਪਤਾ ਲੱਗਾ ਤਾਂ ਉਹ ਬਹੁਤ ਦੌੜੇ ਭੱਜੇ, ਪਰ ਕੌਤਕ ਹੋ ਗਿਆ ਸੀ। ਭੱਟ ਕੇਸੋ ਨੇ ਇਸੇ ਨੂੰ ਦੇਖ ਸੁਣ ਲਿਖਿਆ ਲੱਗਦਾ ਹੈ:

***ਚਲਾ ਚਲਾਈ ਹੋ ਰਹੀ, ਗਢ ਗਢ ਉਖਰੇ ਮੇਖ।***
***ਲੱਖੀ ਨਗਾਹੀਆ ਲੈ ਗਏ, ਤੂੰ ਖੜਾ ਤਮਾਸ਼ਾ ਵੇਖ।***

ਇਹ ਸਰਦਾਰ ਬਘੇਲ ਸਿੰਘ ਜੀ ਮਿਸਲ ਕਰੋੜ ਸਿੰਘੀਆਂ ਦੇ ਹੀ ਹਿੱਸੇ ਆਇਆ ਹੈ ਕਿ ਉਹ ਦਿੱਲੀ ਫ਼ਤਹਿ ਕਰਨ ਉਪਰੰਤ ਗੁਰਦੁਆਰਿਆਂ ਦੀਆਂ ਯਾਦਗਾਰਾਂ ਲੱਭ ਕੇ ਉਸਾਰਨ। ਜਿੱਥੇ ਭਾਈ ਲੱਖੀ ਸ਼ਾਹ ਜੀ ਨੇ ਪਾਵਨ ਦੇਹੀ ਸਮੇਤ ਘਰ ਨੂੰ ਅਗਨ ਭੇਂਟ ਕਰ ਸਸਕਾਰ ਕੀਤਾ ਸੀ, ਉੱਥੇ ਸਭ ਤੋਂ ਪਹਿਲਾਂ ਗੁਰਦੁਆਰਾ ਬਣਾਇਆ।

***

## 5. ਗੁ: ਸੀਸ ਗੰਜ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਸੀਸ ਦਾ ਸਸਕਾਰ ਅਸਥਾਨ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ :

ਮੱਘਰ ਸੁਦੀ 5 ਸੰਮਤ 1732 ਮੁਤਾਬਿਕ 11 ਨਵੰਬਰ 1675 ਦਿਨ ਬੁੱਧਵਾਰ ਨੂੰ ਦਿੱਲੀ ਵਿਖੇ ਬਲੀਦਾਨ ਉਪਰੰਤ ਨੌਂਵੇਂ ਪਾਤਸ਼ਾਹ ਜੀ ਦਾ ਸੀਸ ਭਾਈ ਜੈਤਾ ਜੀ ਕੀਰਤਪੁਰ ਸਾਹਿਬ, ਗੁ: ਬਿਬਾਨਗੜ੍ਹ ਸਾਹਿਬ ਵਾਲੀ ਥਾਂ ਤੇ ਲੈ ਕੇ ਆਏ ਤਾਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦਾਦੀ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਬੇਅੰਤ ਸੰਗਤਾਂ ਸਮੇਤ ਉੱਥੇ ਪੁੱਜੇ ਤਾਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਾ ਕੇ ਬਚਨ ਕੀਤਾ **'ਰੰਘਰੇਟੇ ਗੁਰੂ ਕੇ ਬੇਟੇ'** ਉਪਰੰਤ ਨੌਂਵੇਂ ਗੁਰੂ ਜੀ ਦੇ ਸੀਸ ਨੂੰ ਪਾਲਕੀ ਸਾਹਿਬ ਵਿੱਚ ਸੁਭਾਇਮਾਨ ਕਰਵਾ ਕੇ ਸੰਗਤਾਂ ਸਮੇਤ ਇੱਥੇ ਪੁੱਜੇ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਲਈ ਗੁਲਾਬ ਦਾ ਜਲ ਲਿਆਂਦਾ। ਗੁਰੂ ਕਲਗੀਧਰ ਗੋਬਿੰਦ ਰਾਏ ਜੀ ਨੇ ਇਸ਼ਨਾਨ ਕਰਵਾਇਆ। ਭਾਈ ਜੈਤਾ ਜੀ ਨੂੰ ਕਿਹਾ ਗੁਰੂ ਕੇ ਬੇਟੇ! ਅਖੀਰ ਵਾਲੀ ਸਸਕਾਰ ਦੀ ਮਰਿਆਦਾ ਤੂੰ ਨਾਲ ਨਿਭਾਉਣੀ ਹੈ। ਚਿੱਖਾ ਚਿਣੀ, ਆਪਣੇ ਹੱਥੀਂ ਲਾਂਬੂ ਲਾਇਆ ਤੇ ਨਾਲ ਕਿਹਾ, ਜਿਨ੍ਹਾਂ ਹੱਥਾਂ ਨੇ ਸੀਸ ਸਾਂਭ ਕੇ ਲਿਆਂਦਾ ਹੈ, ਇਨ੍ਹਾਂ ਹੱਥਾਂ ਵਿੱਚ ਅੱਜ ਖੜਗ ਫੜਾਈ ਜਾਵੇਗੀ। ਜੇ ਸਿੱਖ ਲੱਖਾਂ ਵਿੱਚ ਖਲੋਤਾ ਹੋਵੇਗਾ ਤਾਂ ਪਤਾ ਲੱਗ ਜਾਵੇਗਾ ਕਿ ਇਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹੈ। ਹਜ਼ੂਰ ਨੇ ਪਿਤਾ ਦੇ ਸੀਸ ਦਾ ਸਸਕਾਰ ਕੀਤਾ। ਇਸ ਅਸਥਾਨ ਦਾ ਅੰਦਰਲਾ ਹਿੱਸਾ ਦਸਮੇਸ਼ ਪਿਤਾ ਜੀ ਦੀ ਨਿਗਰਾਨੀ ਵਿੱਚ ਬਣਿਆ ਹੋਇਆ ਹੈ। ਜਦੋਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਗੁਰਬਖਸ਼ ਦਾਸ ਉਦਾਸੀ ਨੂੰ ਇਸ ਦੀ ਸੇਵਾ ਸੰਭਾਲ ਜ਼ਿੰਮੇਵਾਰੀ ਦੇ ਕੇ ਤੁਰੇ ਸਨ।

***

# प्यार भरे स्वालों के दरगाही जवाब

भाई साहिब भाई गुरइकबाल सिंघ जी के कीर्तन विचारों में से

**1. सवाल : धन्य श्री गुरु तेग बहादर साहिब जी महाराज के आगे भाई जैता जी ने विनती की, सतिगुरु जी, कर्मों के बारे में बताइए।**

**जवाब** : सतिगुरु जी ने बताया– जब फूल खिलता है, खिलने के बाद उसको फल लगता है, फल लगने के बाद फूल झड़ जाता है और झड़ कर जमीन पर गिरता है। जो फूल फल देकर झड़ता है, जमीन पर गिरता है पर उसमें से बीज खत्म नहीं होते। जब जमीन पर गिरता है उस मिट्टी में जितने बीज मिक्स हो जाते हैं तो समय उपरांत पुनः अंकुरित होते हैं। धन्य श्री गुरु तेग बहादर जी ने कहा, कर्म मरते नहीं। किसी न किसी रूप में हर जन्म में हमारे साथ चलते रहते हैं। बात बड़ी गहरी है। मिट्टी में गिरा बीज एक दिन आखिर अंकुरित ही होता है चाहे मिट्टी कहीं अन्य भी चली जाए, वह बीज वहाँ ही फूट जाते हैं। कर्म मिटते नहीं, किसी न किसी रूप में साथ चलते हैं।

***

**2. सवाल : भाई जैता जी ने दूसरा सवाल किया, सतिगुरु जी कर्मों से छुटकारा कैसे मिले?**

**जवाब** : सतिगुरु जी ने बताया, चार काम करें तो कर्मों से छुटकारा मिल सकता है। **पहला काम– अपने अंदर एक गुण पैदा करो कि धरती की दुनिया के लिए कभी भी विपत्ति का कारण न बनें।** दुनिया से भाव लोग। तेरे कारण किसी के घर आग न लगे। तेरे कारण किसी के घर विपत्ति न बने।

**दूसरा काम– मन झुकाकर सेवा करने से कर्म साफ हो जाते हैं।**

**तीसरा काम– अहंकार को मारे।** सिर्फ उसके कर्म साफ नहीं हो सकते, जिसका अहंकार दूर नहीं हुआ। यदि मैं (अहंकार) साथ है तो मत सोचो कर्मों से छुटकारा मिल जाएगा, इसको मारना ही पड़ेगा। अहंकार को मारने से कर्मों से छुटकारे की उम्मीद है।

**चौथा काम– अपने गुरु को समर्पित हो जाए।**

***मै होरु थाउ नाही जिसु पहि करउ बेनंती***
***मेरा दुखु सुखु तुझ ही पासि॥२॥***

*(अंग ७३५)*

***

**3. सवाल : भाई जैता जी ने तीसरा सवाल किया, सतिगुरु जी जीवन का आदर्श कैसा हो?**

**जवाब** :धन्य श्री गुरु तेग बहादर साहिब जी ने जवाब दिया, **जीवन का आदर्श बहते दरिया की तरह बनाओ। दरिया बहता जाता है, कई खेत हरे करता जाता है।** सतिगुरु जी ने बताया, दूसरा, **अनेकों की प्यास मिटाता जाता है।** तीसरा, **अनेकों को ठण्डक देता जाता है।** चौथा, **दरिया चलता जाता है और कई उसमें स्नान करके अपनी मैल धोते हैं। कई नाव द्वारा एक स्थान से दूसरे स्थान पर सामान पहुँचाते हैं, उनके भी काम आता है।**

सतिगुरु जी ने कहा, यह जीवन का आदर्श हो, चलते जाओ, ठण्डक दो, शांति दो, भला करो, मंजिल परमेश्वर हो। दरिया चाहे चलता जाता है, ठण्डक देता है, खेत हरे भरे करता है पर मंजिल सागर है, सागर में पहुँचना है।

सिक्ख जीवन में चलता जाए, सबको ठण्डक दे, परोपकार करे पर मंजिल श्री गुरु नानक देव जी महाराज हों, मंजिल नाम हो, मंजिल न भूल जाए, यह कार्य करें।

***

**4. सवाल : भाई जैता जी ने चौथा सवाल किया, सतिगुरु जी, माया के बारे में बताओ**

**जवाब** :धन्य श्री गुरु तेग बहादर साहिब जी ने जवाब दिया– **सिक्ख का स्वभाव माया जोड़ने की तरफ न जाए। यह परोपकार में उपयोग हो।** यदि माया पास हो तो यह बांटी जाए और अपना मुख्य लक्ष्य भक्ति रखे। मंजिल भक्ति, सिमरन हो।

***

**5. सवाल : धन्य श्री गुरु तेग बहादर साहिब जी को कुछ सिक्खों ने सवाल किया, महाराज जी भक्ति क्या है?**

**जवाब** :धन्य श्री गुरु तेग बहादर साहिब जी ने पहला जवाब दिया– **प्रत्येक पदार्थ से मन को हटाना जो वाहिगुरु से आपका मन हटाता है।**

सतिगुरु जी ने दूसरा जवाब दिया– **वाहिगुरु जी से इतना स्नेह प्रेम करना कि अन्य सब कुछ भूल जाए।**

***

**6. सवाल : श्री आनंदपुर साहिब में सैफदीन मुसलमान फकीर ने धन्य श्री गुरु तेग बहादर साहिब जी को सवाल किया, पाप की जड़ क्या है?**

**जवाब** :धन्य श्री गुरु तेग बहादर साहिब जी ने जवाब दिया– **हर काम में अपना फायदा सोचना यह पाप की जड़ है।**

***

**7. सवाल : भाई मतीदास जी ने धन्य श्री गुरु तेग बहादर साहिब जी को सवाल किया, सिक्खी की पहली व आखिरी पउड़ी कौन–सी है?**

**जवाब** :धन्य श्री गुरु तेग बहादर साहिब जी ने जवाब दिया– **अपने प्यारे परब्रह्म परमेश्वर के गुण गाते व सुनते मन में प्रेम भाव पैदा हो जाए, यह पहली पउड़ी है। उसकी याद कभी भी न भूले। यह आखिरी पउड़ी है।**

***

**8. सवाल : धन्य श्री गुरु तेग बहादर साहिब जी को कुछ सिक्खों ने सवाल किया, सबसे उत्तम कर्म क्या है?**

**जवाब** : सतिगुरु जी ने जवाब दिया– जो कुछ भी तुम्हारे पास है उसको बांटते रहना और एकत्र केवल नाम धन ही करना। यह सबसे उत्तम कर्म है।

***

**9. सवाल : धन्य श्री गुरु तेग बहादर साहिब जी को कुछ जिज्ञासुओं ने सवाल किया, सतिगुरु जी! हम बाणी पढ़ते हैं, नाम जपते हैं पर मन नहीं लगता?**

**जवाब** :धन्य श्री गुरु तेग बहादर साहिब जी ने जवाब दिया– जिस बर्तन में कांजी हो, उस बर्तन में दूध नहीं टिक सकता। दूध के लिए शुद्ध बर्तन की जरुरत है। इसी तरह हमारे अंदर संसारी इच्छाओं का छलावा है। अपने शरीर से संसारी इच्छाओं को ज्ञान से मारे, छलावे के पीछे भागने से और साये के पीछे भागने से मायूसी होती है। इसको ज्ञान से मारो, जब फिर नाम बाणी में से रस आना शुरू हो गया, मन लग जाएगा।

***

**10. सवाल : धन्य श्री गुरु हरिगोबिंद साहिब जी को भाई चूहड़ जी ने विनती की, सतिगुरु जी! सिक्खी के बुटे की सूझ प्रदान करो।**

**जवाब** : धन्य श्री गुरु हरिगोबिंद साहिब जी ने बताया, सिक्खी के बुटे की जड़ है नम्रता, सिक्खी के बुटे की रहनी है सेवा, सिक्खी के बुटे के पत्ते हैं साध संगत करना, सिक्खी के बुटे के फूल हैं शब्द को समझना। सिक्खी के बुटे का फल है जगत नाशवान नज़र आना शुरू हो जाता है।

***

**11. सवाल : हसन अली धन्य श्री गुरु हरिगोबिंद साहिब जी को विनती करता है कि खुदा की रसाई कैसे प्राप्त हो?**

**जवाब** :धन्य श्री गुरु हरिगोबिंद साहिब जी समझाते हैं– हसन अली, भले पुरुषों की संगत करो, संगत करने से एक दिन तेरी खुदा तक रसाई हो जाएगी।

***

**12. सवाल : किसी सज्जन ने महापुरुषों से पूछा सत्संगी कौन है?**

**जवाब** : महापुरुष कहते हैं असली सत्संगी वह हैं जो सत्संग में भी वाहिगुरु को याद करे और सत्संग की समाप्ति के उपरांत बाहर चला जाए तो भी वाहिगुरु को भुला न दे वह असली सत्संगी है।

***

***–शेष पन्ना 41 पर पढ़ो जी***

# धन्य धन्य श्री गुरु तेग बहादर साहिब जी- जीवन कथा

*–भाई पिंदरपाल सिंघ जी की पुस्तक जीवन कथा एवं शहादत में से*

*शृंखला जोड़ने के लिए पिछला अंक देखें–*

